# ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

**ਮਿਤੀ 14 ਦਸੰਬਰ, 2016 (ਬੁੱਧਵਾਰ) ਨੂੰ 11.30 ਵਜੇ ਸਵੇਰੇ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਿੰਡੀਕੇਟ ਰੂਮ (ਸੈਨੇਟ ਹਾਲ ਬਿਲਡਿੰਗ) ਵਿਖੇ ਹੋਈ ਸਿੰਡੀਕੇਟ ਦੀ ਇਕੱਤਰਤਾ ਦੀ ਕਾਰਵਾਈ ।**

**ਹਾਜ਼ਰ:**

1. ਡਾ. ਅ.ਸ. ਬਰਾੜ, . . . (ਸਭਾਪਤੀ)
   ਉਪ-ਕੁਲਪਤੀ

2. ਸ਼੍ਰੀ ਸਤਨਾਮ ਸਿੰਘ ਗਿੱਲ,
   ਪ੍ਰਿੰਸੀਪਲ, ਐਸ.ਆਰ. ਸਰਕਾਰੀ ਕਾਲਜ (ਲੜਕੀਆਂ),
   ਅੰਮ੍ਰਿਤਸਰ।
   (ਨੁਮਾਇੰਦਾ, ਪ੍ਰਿੰਸੀਪਲ ਸਕੱਤਰ, ਉਚੇਰੀ ਸਿੱਖਿਆ ਵਿਭਾਗ)

3. ਡਾ. ਨਵਦੀਪ ਸਿੰਘ ਤੁੰਗ,
   ਡੀਨ, ਅਕਾਦਮਿਕ ਮਾਮਲੇ।

4. ਡਾ. ਸੁਖਦੇਵ ਸਿੰਘ,
   ਡੀਨ, ਲੈਂਗੂਏਜ਼ਿਜ਼ ਫੈਕਲਟੀ।

5. ਡਾ. ਅਵਿਨਾਸ਼ ਕੌਰ ਨਾਗਪਾਲ,
   ਡੀਨ, ਲਾਈਫ ਸਾਇੰਸਜ਼ ਫੈਕਲਟੀ।

6. ਡਾ. (ਮਿਸਿਜ਼) ਸੁਨਿੰਦਰ ਤੁੰਗ,
   ਡੀਨ, ਆਰਟਸ ਤੇ ਸੋਸ਼ਲ ਸਾਇੰਸਜ਼ ਫੈਕਲਟੀ।

7. ਡਾ. ਹਰਬੀਰ ਸਿੰਘ ਮਾਣਕੂ,
   ਐਸੋਸੀਏਟ ਪ੍ਰੋਫੈਸਰ ਅਤੇ ਮੁਖੀ, ਅੰਗਰੇਜ਼ੀ ਵਿਭਾਗ।

8. ਡਾ. ਪੈਮੀ ਮਨਚੰਦਾ,
   ਪ੍ਰੋਫੈਸਰ ਅਤੇ ਮੁਖੀ, ਗਣਿਤ ਵਿਭਾਗ।

9. ਸ਼੍ਰੀਮਤੀ ਨੂਤਨ ਸ਼ਰਮਾ,
   ਪ੍ਰਿੰਸੀਪਲ, ਸ਼੍ਰੀ ਗੁਰੂ ਅਰਜਨ ਦੇਵ ਸਰਕਾਰੀ ਕਾਲਜ, ਤਰਨ-ਤਾਰਨ।

10. ਡਾ. ਐਸ.ਐਸ. ਜੌਹਲ, ਲੁਧਿਆਣਾ।

11. ਪ੍ਰੋ. ਐਸ.ਐਸ. ਗਿੱਲ, ਮੋਹਾਲੀ।

12. ਡਾ. ਅਮਰਜੀਤ ਸਿੰਘ ਸਿੱਧੂ, ਅੰਮ੍ਰਿਤਸਰ।

13. ਡਾ. ਸ਼ਰਨਜੀਤ ਸਿੰਘ ਢਿੱਲੋਂ, . . . (ਸਕੱਤਰ)
    ਰਜਿਸਟਰਾਰ

ਏਜੰਡਾ ਸ਼ੁਰੂ ਕਰਨ ਤੋਂ ਪਹਿਲਾਂ ਉਪ-ਕੁਲਪਤੀ ਸਾਹਿਬ ਨੇ ਇੱਕਤਰਤਾ ਵਿਚ ਸ਼ਾਮਲ ਹੋਣ ਲਈ ਆਏ ਸਮੂਹ ਮੈਂਬਰ ਸਾਹਿਬਾਨ ਨੂੰ 'ਜੀ ਆਇਆਂ' ਆਖਿਆ।

ਉਪ-ਕੁਲਪਤੀ ਸਾਹਿਬ ਨੇ ਸਿੰਡੀਕੇਟ ਦੇ ਪਹਿਲਾਂ ਰਹਿ ਚੁੱਕੇ ਮੈਂਬਰ-ਡਾ. ਦਲਜੀਤ ਸਿੰਘ ਅਰੋੜਾ, ਡਾ. ਗੁਰਮੀਤ ਸਿੰਘ ਅਤੇ ਡਾ. ਅਤਿਮਾ ਸ਼ਰਮਾ ਵੱਲੋਂ ਯੂਨੀਵਰਸਿਟੀ ਦੀ ਬਿਹਤਰੀ ਲਈ ਦਿੱਤੇ ਸਹਿਯੋਗ ਲਈ ਧੰਨਵਾਦ ਕੀਤਾ ਅਤੇ ਉਨ੍ਹਾਂ

ਦੱਸਿਆ ਕਿ ਸਿੰਡੀਕੇਟ ਉੱਤੇ ਡਾ. ਅਵਿਨਾਸ਼ ਕੌਰ ਨਾਗਪਾਲ, ਡਾ. ਪੈਮੀ ਮਨਚੰਦਾ ਅਤੇ ਡਾ. (ਮਿਸਿਜ਼) ਸਰੋਜ ਭੱਲਾ ਦੀ ਨਵੇਂ ਮੈਂਬਰ ਵਜੋਂ ਨਿਯੁਕਤੀ ਹੋਈ ਹੈ ਅਤੇ ਆਸ ਪ੍ਰਗਟ ਕੀਤੀ ਕਿ ਉਹ ਯੂਨੀਵਰਸਿਟੀ ਦੀ ਬਿਹਤਰੀ ਲਈ ਆਪਣਾ ਪੂਰਣ ਸਹਿਯੋਗ ਦੇਂਦੇ ਰਹਿਣਗੇ।

ਉਪਰੰਤ ਏਜੰਡੇ 'ਤੇ ਕਾਰਵਾਈ ਸ਼ੁਰੂ ਹੋਈ।

**ਸਿੰਡੀਕੇਟ ਦੀ ਇਕੱਤਰਤਾ ਮਿਤੀ 20.9.2016 ਦੀ ਕਾਰਵਾਈ ਦੀ ਸੋਧ ਸਹਿਤ ਪੁਸ਼ਟੀ।**

1. ਵਿਚਾਰ ਉਪਰੰਤ

**ਪਾਸ ਹੋਇਆ** ਕਿ ਮਿਤੀ 20.9.2016 ਨੂੰ ਹੋਈ ਸਿੰਡੀਕੇਟ ਦੀ ਇਕੱਤਰਤਾ ਦੀ ਕਾਰਵਾਈ ਦੀ ਪੁਸ਼ਟੀ ਪੈਰਾ ਨੰ: 30 ਵਿਚ ਹੇਠ ਲਿਖੀ ਸੋਧ ਸਹਿਤ ਕੀਤੀ ਜਾਂਦੀ ਹੈ:-

**ਪੈਰਾ ਨੰ: 30**

ਮਤੇ ਵਿਚ ਨਕਾਰਾ ਅਤੇ ਨਾ-ਮੁਰੰਮਤਯੋਗ ਸਮਾਨ ਦੀ ਕੀਮਤ 96,181/- ਰੁਪਏ ਦੀ ਥਾਂ 3,79,681/- ਰੁਪਏ ਪੜ੍ਹੀ ਜਾਵੇ।

**ਸਿੰਡੀਕੇਟ ਦੀ ਇਕੱਤਰਤਾ ਮਿਤੀ 20.9.2016 ਦੇ ਨਿਰਣਿਆਂ 'ਤੇ ਕੀਤੀ ਕਾਰਵਾਈ ਨੋਟ ਕੀਤੀ ਗਈ।**

2. ਮਿਤੀ 20.9.2016 ਨੂੰ ਹੋਈ ਸਿੰਡੀਕੇਟ ਦੀ ਇਕੱਤਰਤਾ ਦੇ ਵੱਖ-ਵੱਖ ਨਿਰਣਿਆਂ 'ਤੇ ਕੀਤੀ ਕਾਰਵਾਈ **ਅੰਤਿਕਾ** ਅਨੁਸਾਰ ਨੋਟ ਕੀਤੀ ਗਈ।

**ਸਬੰਧਤ ਅਧਿਆਪਕਾਂ ਦੀ ਮੁਖੀ, ਵਿਭਾਗ ਵਜੋਂ ਨਿਯੁਕਤੀ।**

3. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 21 ਉੱਤੇ ਦਰਜ ਸਟੈਚਿਊਟ 3 ਅਧੀਨ ਹੇਠ ਲਿਖੇ ਅਧਿਆਪਕਾਂ ਨੂੰ, ਉਨ੍ਹਾਂ ਦੇ ਨਾਮ ਸਾਹਮਣੇ ਦਰਸਾਏ ਵੇਰਵੇ ਅਨੁਸਾਰ, ਸਬੰਧਤ ਵਿਭਾਗ ਦਾ ਮੁਖੀ ਨਿਯੁਕਤ ਕੀਤਾ ਜਾਂਦਾ ਹੈ:-

| **ਕ੍ਰਮ ਨੰ:** | **ਅਧਿਆਪਕ ਦਾ ਨਾਮ, ਅਹੁਦਾ ਅਤੇ ਵਿਭਾਗ** | **ਮੁਖੀ ਵਜੋਂ ਨਿਯੁਕਤੀ ਦੀ ਮਿਆਦ** |
|---|---|---|
| 1. | ਡਾ. ਸੁਖਦੇਵ ਸਿੰਘ, ਪ੍ਰੋਫੈਸਰ, ਸਰੀਰਕ ਸਿੱਖਿਆ ਵਿਭਾਗ (ਟੀਚਿੰਗ) | ਮਿਤੀ 1.1.2017 ਤੋਂ 31.12.2019 ਤੱਕ (ਤਿੰਨ ਸਾਲ ਲਈ) |
| 2. | ਡਾ. ਰਵਿੰਦਰ ਸਿੰਘ ਸਾਹਨੀ, ਐਸੋਸੀਏਟ ਪ੍ਰੋਫੈਸਰ, ਇਲੈਕਟ੍ਰਾਨਿਕਸ ਟੈਕਨਾਲੋਜੀ ਵਿਭਾਗ | - ਉਹੀ - |
| 3. | ਸ਼੍ਰੀਮਤੀ ਕਿਰਨਦੀਪ ਸੰਧੂ, ਐਸੋਸੀਏਟ ਪ੍ਰੋਫੈਸਰ, ਗੁਰੂ ਰਾਮਦਾਸ ਸਕੂਲ ਆਫ ਪਲਾਨਿੰਗ | - ਉਹੀ - |

**ਸਬੰਧਤ ਅਧਿਆਪਕਾਂ ਦੀ ਮੁਖੀ, ਵਿਭਾਗ ਵਜੋਂ ਨਿਯੁਕਤੀ ਦੀ ਪੁਸ਼ਟੀ।**

4. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 21 ਉੱਤੇ ਦਰਜ ਸਟੈਚਿਊਟ 3 ਅਧੀਨ ਹੇਠ ਲਿਖੇ ਅਧਿਆਪਕਾਂ ਨੂੰ, ਉਨ੍ਹਾਂ ਦੇ ਨਾਮ ਸਾਹਮਣੇ ਦਰਸਾਏ ਵੇਰਵੇ ਅਨੁਸਾਰ, ਸਬੰਧਤ ਵਿਭਾਗ ਦਾ ਮੁਖੀ ਨਿਯੁਕਤ ਕੀਤਾ ਹੈ:-

| **ਕ੍ਰਮ ਨੰ:** | **ਅਧਿਆਪਕ ਦਾ ਨਾਮ, ਅਹੁਦਾ ਅਤੇ ਵਿਭਾਗ** | **ਮੁਖੀ ਵਜੋਂ ਨਿਯੁਕਤੀ ਦੀ ਮਿਆਦ** |
|---|---|---|
| 1. | ਡਾ. ਭੁਪਿੰਦਰ ਸਿੰਘ ਚੱਢਾ, ਪ੍ਰੋਫੈਸਰ, ਮਾਈਕ੍ਰੋਬਾਇਓਲੋਜੀ ਵਿਭਾਗ | ਮਿਤੀ 5.12.2016 ਤੋਂ 31.12.2016 ਤੱਕ ਅਤੇ ਮਿਤੀ 1.1.2017 ਤੋਂ 31.12.2019 ਤੱਕ (ਤਿੰਨ ਸਾਲ ਲਈ) |
| 2. | ਡਾ. ਰਮਿੰਦਰ ਕੌਰ, ਪ੍ਰੋਫੈਸਰ, ਪੰਜਾਬੀ ਅਧਿਐਨ ਸਕੂਲ | ਮਿਤੀ 2.12.2016 ਤੋਂ 31.12.2016 ਤੱਕ ਅਤੇ ਮਿਤੀ 1.1.2017 ਤੋਂ 31.12.2019 ਤੱਕ (ਤਿੰਨ ਸਾਲ ਲਈ) |

**ਗੁਰੂ ਨਾਨਕ ਅਧਿਐਨ ਵਿਭਾਗ ਦੇ ਮੁਖੀ ਦੀ ਨਿਯੁਕਤੀ ਦੀ ਪੁਸ਼ਟੀ।**

5. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 21 ਉੱਤੇ ਦਰਜ ਸਟੈਚਿਊਟ 3 ਅਧੀਨ ਡਾ. (ਮਿਸਿਜ਼) ਸ਼ਸ਼ੀ ਬਾਲਾ, ਪ੍ਰੋਫੈਸਰ, ਗੁਰੂ ਨਾਨਕ ਅਧਿਐਨ ਵਿਭਾਗ ਦੀ ਉਮਰ ਮਿਤੀ 13.11.2016 ਨੂੰ 60 ਸਾਲ ਹੋ ਜਾਣ ਕਾਰਣ ਅਤੇ ਉਕਤ ਵਿਭਾਗ ਵਿਖੇ ਕੋਈ ਹੋਰ ਪ੍ਰੋਫੈਸਰ ਜਾਂ ਐਸੋਸੀਏਟ ਪ੍ਰੋਫੈਸਰ ਨਾਂ ਹੋਣ ਕਾਰਣ ਉਕਤ ਵਿਭਾਗ ਦੇ ਮੁਖੀ ਦਾ ਚਾਰਜ ਮਿਤੀ 14.11.2016 ਤੋਂ ਅਗਲੇ ਆਦੇਸ਼ਾਂ ਤੱਕ ਡੀਨ, ਅਕਾਦਮਿਕ ਮਾਮਲੇ ਨੂੰ ਸੌਂਪਿਆ ਹੈ।

**ਸਬੰਧਤ ਅਧਿਆਪਕਾਂ ਦੀ ਮੁੜ-ਨਿਯੁਕਤੀ।**

6. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਇਕੱਤਰਤਾ ਮਿਤੀ 11.10.2004 ਦੇ ਪੈਰਾ 15 ਦੇ ਅਧਾਰ 'ਤੇ ਹੇਠ ਲਿਖੇ ਅਧਿਆਪਕਾਂ ਨੂੰ, ਮਿਤੀ 31.12.2016 ਨੂੰ ਯੂਨੀਵਰਸਿਟੀ ਤੋਂ ਸੇਵਾ-ਮੁਕਤ ਹੋਣ ਉਪਰੰਤ ਮਿਤੀ 1.1.2017 ਤੋਂ ਮਿਤੀ 31.12.2018 ਤੱਕ, ਦੋ ਸਾਲ ਲਈ ਯੂਨੀਵਰਸਿਟੀ ਨਿਯਮਾਂ ਅਨੁਸਾਰ ਮਿਲਣਯੋਗ ਬਣਦੀ ਤਨਖਾਹ 'ਤੇ ਮੁੜ-ਨਿਯੁਕਤ ਕੀਤਾ ਜਾਂਦਾ ਹੈ:-

1. ਡਾ. ਬਲਵਿੰਦਰ ਸਿੰਘ, ਪ੍ਰੋਫੈਸਰ, ਗੁਰੂ ਰਾਮਦਾਸ ਸਕੂਲ ਆਫ ਪਲਾਨਿੰਗ
2. ਡਾ. ਰਵੀ ਚਾਂਦ ਸਿੰਘ, ਪ੍ਰੋਫੈਸਰ, ਫਿਜ਼ੀਕਸ ਵਿਭਾਗ
3. ਡਾ. ਦਲਜੀਤ ਸਿੰਘ ਅਰੋੜਾ, ਪ੍ਰੋਫੈਸਰ, ਮਾਈਕ੍ਰੋਬਿਆਲੋਜੀ ਵਿਭਾਗ

**ਸਬੰਧਤ ਅਧਿਆਪਕਾਂ ਨੂੰ ਵਿਦੇਸ਼ ਜਾਣ ਲਈ ਕਮਾਈ ਛੁੱਟੀ/ ਅਸਾਧਾਰਣ ਬਿਨਾਂ ਤਨਖਾਹ ਛੁੱਟੀ/ ਡਿਊਟੀ ਲੀਵ ਦੀ ਪੁਸ਼ਟੀ।**

7. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਹੇਠ ਲਿਖੇ ਅਧਿਆਪਕਾਂ ਦੀ, ਉਨ੍ਹਾਂ ਦੇ ਨਾਮ ਸਾਹਮਣੇ ਦਰਸਾਏ ਵੇਰਵੇ ਅਨੁਸਾਰ, ਵਿਦੇਸ਼ ਜਾਣ ਲਈ ਕਮਾਈ ਛੁੱਟੀ/ ਅਸਾਧਾਰਣ ਬਿਨਾਂ ਤਨਖਾਹ ਛੁੱਟੀ/ ਡਿਊਟੀ ਲੀਵ ਪ੍ਰਵਾਨ ਕੀਤੀ ਹੈ :-

| ਕ੍ਰਮ ਨੰ: | ਅਧਿਆਪਕ ਦਾ ਨਾਮ ਅਤੇ ਵਿਭਾਗ | ਵੇਰਵਾ | ਛੁੱਟੀ ਦੀ ਮਿਤੀ |
|---|---|---|---|
| 1. | Dr. Amarjit Singh Bhanwar, Retd. Prof. (Re-appointed), Deptt. of Human Genetics | To attend the meeting for Poster Presentation in American Society of Human Genetics (ASHG) to be held at Vancouver, B.C. (Canada) w.e.f. 18-22.10.2016. | EOL without pay from 12.10.2016 to 26.10.2016 = 15 days. |
| 2. | Dr. Sukhleen Bindra, Prof., Deptt. of Electronics Technology | To go to Bangkok (Thailand). | Earned Leave from 17.10.2016 to 21.10.2016 = 5 days with suffix holidays 22-23.10.2016 (being Saturday & Sunday). |
| 3. | Dr. Tejwant Singh, Assistant Professor, Deptt. of Chemistry | To conduct collaborative research on newly developed gel systems at Institute of Multidisciplinary Research for Advanced Materials (IMRAM) of Tohoku University, Sendai, Japan without any financial assistance. | Duty Leave from 5.12.2016 to 14.12.2016 = 10 days and earned leave from 15.12.2016-16.12.2016 = 02 days by suffixing winter vacations. |

**ਡਾ. ਕੁਲਦੀਪ ਸਿੰਘ, ਪ੍ਰੋਫੈਸਰ(ਰਿਟਾ.) (ਮੁੜ-ਨਿਯੁਕਤ), ਪੋਲੀਟੀਕਲ ਸਾਇੰਸ ਵਿਭਾਗ ਦੀ ਮੁੜ-ਨਿਯੁਕਤੀ ਦੀ ਮਿਆਦ ਵਿਚ ਹੋਰ ਵਾਧਾ।**

8. ਡਾ. ਕੁਲਦੀਪ ਸਿੰਘ, ਪ੍ਰੋਫੈਸਰ(ਰਿਟਾ.) (ਮੁੜ-ਨਿਯੁਕਤ), ਪੋਲੀਟੀਕਲ ਸਾਇੰਸ ਵਿਭਾਗ, ਜਿਨ੍ਹਾਂ ਦੀ ਮੁੜ-ਨਿਯੁਕਤੀ ਦੀ ਦੋ ਸਾਲ ਦੀ ਮਿਆਦ ਮਿਤੀ 31.12.2016 ਨੂੰ ਖਤਮ ਹੋ ਰਹੀ ਹੈ, ਸਬੰਧੀ ਸਿੰਡੀਕੇਟ ਦੀ ਇੱਕਤਰਤਾ ਮਿਤੀ 20.9.2016 ਦੇ ਪੈਰਾ ਨੰ: 45 ਰਾਹੀਂ ਲਏ ਨਿਰਣੇ ਅਨੁਸਾਰ ਉਨ੍ਹਾਂ ਦੇ ਪਿਛਲੇ ਤਿੰਨ ਸਾਲ ਦੇ ਖੋਜ ਕਾਰਜ ਦੀ ਅਸੈਸਮੈਂਟ ਰਿਪੋਰਟ ਲੈਣ ਸਬੰਧੀ ਤਿੰਨ ਵਿਸ਼ਾ ਵਿਸ਼ੇਸ਼ਗਾਂ (Subject Experts) ਦੀਆਂ ਰਿਪੋਰਟਾਂ **(ਅੰਤਿਕਾ** ਅਨੁਸਾਰ**)** ਹਾਂ ਪੱਖੀ ਹੋਣ ਕਾਰਣ ਉਨ੍ਹਾਂ ਦੀ ਮੁੜ-ਨਿਯੁਕਤੀ ਦੀ ਮਿਆਦ ਵਿਚ ਦੋ ਸਾਲਾਂ ਲਈ ਹੋਰ ਵਾਧਾ ਕਰਨ 'ਤੇ ਵਿਚਾਰ ਹੋਈ।

**ਪਾਸ ਹੋਇਆ** ਕਿ ਡਾ. ਕੁਲਦੀਪ ਸਿੰਘ, ਪ੍ਰੋਫੈਸਰ(ਰਿਟਾ.) (ਮੁੜ-ਨਿਯੁਕਤ), ਪੋਲੀਟੀਕਲ ਸਾਇੰਸ ਵਿਭਾਗ, ਜਿਨ੍ਹਾਂ ਦੀ ਮੁੜ-ਨਿਯੁਕਤੀ ਦੀ ਦੋ ਸਾਲ ਦੀ ਮਿਆਦ ਮਿਤੀ 31.12.2016 ਨੂੰ ਖਤਮ ਹੋ ਰਹੀ ਹੈ, ਦੀ ਮੁੜ-ਨਿਯੁਕਤੀ ਦੀ ਮਿਆਦ ਵਿਚ ਦੋ ਸਾਲਾਂ ਲਈ ਹੋਰ ਵਾਧਾ ਕੀਤਾ ਜਾਂਦਾ ਹੈ।

**ਮਿਸ. ਨਿਤਿਕਾ ਸੋਨੀ, ਅਸਿਸਟੈਂਟ ਪ੍ਰੋਫੈਸਰ, ਇਲੈਕਟ੍ਰਾਨਿਕਸ ਤੇ ਕਮਿਊਨੀਕੇਸ਼ਨ ਇੰਜੀ. ਵਿਭਾਗ, ਰਿਜਨਲ ਕੈਂਪਸ, ਜਲੰਧਰ ਨੂੰ ਸਟੱਡੀ ਲੀਵ ਦੇਣ ਸਬੰਧੀ।**

9. ਮਿਸ. ਨਿਤਿਕਾ ਸੋਨੀ, ਅਸਿਸਟੈਂਟ ਪ੍ਰੋਫੈਸਰ, ਇਲੈਕਟ੍ਰਾਨਿਕਸ ਤੇ ਕਮਿਊਨੀਕੇਸ਼ਨ ਇੰਜੀ. ਵਿਭਾਗ, ਰਿਜਨਲ ਕੈਂਪਸ, ਜਲੰਧਰ ਨੂੰ ਪੀਐਚ.ਡੀ. ਦਾ ਕੰਮ ਪੂਰਾ ਕਰਨ ਲਈ ਮਿਤੀ 16.1.2017 ਤੋਂ ਇਕ ਸਾਲ ਲਈ ਸਟਡੀ ਲੀਵ ਦੇਣ ਸਬੰਧੀ ਅਧਿਆਪਕਾਂ ਦੇ ਸਟੱਡੀ ਲੀਵ ਕੇਸਾਂ ‘ਤੇ ਵਿਚਾਰ ਹਿੱਤ ਉਪ-ਕੁਲਪਤੀ ਜੀ ਵੱਲੋਂ ਗਠਿਤ ਐਡਵਾਈਜ਼ਰੀ ਕਮੇਟੀ ਦੀ ਇੱਕਤਰਤਾ ਮਿਤੀ 21.10.2016 ਦੀਆਂ ਸਿਫਾਰਸ਼ਾਂ (**ਅੰਤਿਕਾ** ਅਨੁਸਾਰ) ‘ਤੇ ਵਿਚਾਰ ਹੋਈ।

**ਪਾਸ ਹੋਇਆ** ਕਿ ਮਿਸ. ਨਿਤਿਕਾ ਸੋਨੀ, ਅਸਿਸਟੈਂਟ ਪ੍ਰੋਫੈਸਰ, ਇਲੈਕਟ੍ਰਾਨਿਕਸ ਤੇ ਕਮਿਊਨੀਕੇਸ਼ਨ ਇੰਜੀ. ਵਿਭਾਗ, ਰਿਜਨਲ ਕੈਂਪਸ, ਜਲੰਧਰ ਦੀ ਪੀਐਚ.ਡੀ. ਦਾ ਕੰਮ ਪੂਰਾ ਕਰਨ ਲਈ ਮਿਤੀ 16.1.2017 ਤੋਂ ਇਕ ਸਾਲ ਲਈ ਸਟੱਡੀ ਲੀਵ ਪਰਵਾਨ ਕੀਤੀ ਜਾਂਦੀ ਹੈ।

**ਸਬੰਧਤ ਅਧਿਕਾਰੀਆਂ ਦੀ ਮੁੜ-ਨਿਯੁਕਤੀ।**

10. ਵਿਚਾਰ ਉਪਰੰਤ

**ਪਾਸ ਹੋਇਆ** ਕਿ-

(ੳ) ਸ਼੍ਰੀ ਜੋਗਿੰਦਰ ਸਿੰਘ, ਨਿਗਰਾਨ, ਜਨਰਲ ਸ਼ਾਖਾ/ ਵਹੀਕਲ ਵਿੰਗ, ਜੋ ਕਿ ਮਿਤੀ 31.1.2017 ਨੂੰ ਯੂਨੀਵਰਸਿਟੀ ਤੋਂ ਸੇਵਾ-ਮੁਕਤ ਹੋ ਰਹੇ ਹਨ, ਨੂੰ ਯੂਨੀਵਰਸਿਟੀ ਨਿਯਮਾਂ ਅਨੁਸਾਰ ਬਣਦੀ ਤਨਖਾਹ ‘ਤੇ ਡਿਊਟੀ ‘ਤੇ ਹਾਜ਼ਰ ਹੋਣ ਦੀ ਮਿਤੀ ਤੋਂ ਛੇ ਮਹੀਨੇ ਲਈ ਮੁੜ-ਨਿਯੁਕਤ ਕੀਤਾ ਜਾਂਦਾ ਹੈ।

(ਅ) ਸ਼੍ਰੀ ਰਾਕੇਸ਼ ਕੁਮਾਰ ਬੱਗਾ, ਨਿਗਰਾਨ, ਗੁਪਤ ਸ਼ਾਖਾ/ ਕਾਰਜ-ਸੰਚਾਲਨ ਸ਼ਾਖਾ, ਜੋ ਕਿ ਮਿਤੀ 28.2.2017 ਨੂੰ ਯੂਨੀਵਰਸਿਟੀ ਤੋਂ ਸੇਵਾ-ਮੁਕਤ ਹੋ ਰਹੇ ਹਨ, ਨੂੰ ਯੂਨੀਵਰਸਿਟੀ ਨਿਯਮਾਂ ਅਨੁਸਾਰ last pay drawn minus pension ਦੇ ਬਰਾਬਰ ਬਣਦੀ ਤਨਖਾਹ ‘ਤੇ ਡਿਊਟੀ ‘ਤੇ ਹਾਜ਼ਰ ਹੋਣ ਦੀ ਮਿਤੀ ਤੋਂ ਛੇ ਮਹੀਨੇ ਲਈ ਮੁੜ-ਨਿਯੁਕਤ ਕੀਤਾ ਜਾਂਦਾ ਹੈ।

**4,9,14 ਸਾਲ ਦੀ ਸੇਵਾ ਸਕੀਮ ਅਧੀਨ ਸਬੰਧਤ ਅਧਿਕਾਰੀਆਂ ਨੂੰ ਬਣਦਾ ਵਿੱਤੀ ਲਾਭ ਦੇਣ ਦੀ ਪ੍ਰਵਾਨਗੀ।**

11. ਵਿਚਾਰ ਉਪਰੰਤ

**ਪਾਸ ਹੋਇਆ** ਕਿ ਪੰਜਾਬ ਸਰਕਾਰ ਵੱਲੋਂ ਜਾਰੀ ਨੋਟੀਫਿਕੇਸ਼ਨ ਨੰ: 7/60/2006-5 ਪੀਪੀI/479 ਮਿਤੀ 22.7.2011 ਦੀ ਲਗਾਤਾਰਤਾ ਵਿਚ ਨੋਟੀਫਿਕੇਸ਼ਨ ਨੰ: 7/60/2006-5 ਪੀਪੀI/876 ਮਿਤੀ 20.12.2011 ਰਾਹੀਂ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ Assured Career Progression Scheme ਅਧੀਨ **ਅੰਤਿਕਾ** ਵਿਚ ਦਰਸਾਏ ਕੁੱਲ 05 ਅਧਿਕਾਰੀਆਂ ਨੂੰ, ਉਨ੍ਹਾਂ ਦੇ ਨਾਮ ਸਾਹਮਣੇ ਦਰਸਾਏ ਵੇਰਵੇ ਅਨੁਸਾਰ 4,9,14 ਸਾਲ ਦੀ ਸੇਵਾ ਸਕੀਮ ਅਧੀਨ ਬਣਦਾ ਵਿੱਤੀ ਲਾਭ ਦੇਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

**4,9,14 ਸਾਲ ਦੀ ਸੇਵਾ ਸਕੀਮ ਅਧੀਨ ਡਾ. ਪਵਨ ਸ਼ਰਮਾ, ਮੈਡੀਕਲ ਅਫਸਰ (ਡੈਂਟਲ), ਸਿਹਤ ਕੇਂਦਰ ਨੂੰ ਬਣਦਾ ਵਿੱਤੀ ਲਾਭ ਦੇਣ ਦੀ ਪ੍ਰਵਾਨਗੀ।**

12. ਵਿਚਾਰ ਉਪਰੰਤ

**ਪਾਸ ਹੋਇਆ** ਕਿ ਪੰਜਾਬ ਸਰਕਾਰ ਵੱਲੋਂ ਜਾਰੀ ਨੋਟੀਫਿਕੇਸ਼ਨ ਨੰ: 7/60/2006-5 ਪੀਪੀI/876 ਮਿਤੀ 20.12.2011 ਦੇ ਪੈਰਾ ਨੰ: 3 ਰਾਹੀਂ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ Dynamic Assured Progression Scheme ਅਧੀਨ ਡਾ. ਪਵਨ ਸ਼ਰਮਾ, ਮੈਡੀਕਲ ਅਫਸਰ (ਡੈਂਟਲ), ਸਿਹਤ ਕੇਂਦਰ ਨੂੰ 14 ਸਾਲ ਦੀ ਸਰਵਿਸ ਪੂਰੀ ਹੋਣ ‘ਤੇ, ਉਨ੍ਹਾਂ ਨੂੰ ਮਿਤੀ 4.5.2016 ਤੋਂ ਰੁ. 37400-67000+8600 G.P. ਦਾ ਤਨਖਾਹ ਸਕੇਲ ਦੇਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

**ਡਾ. ਐਚ.ਐਸ. ਰੰਧਾਵਾ, ਡਿਪਟੀ ਡਾਇਰੈਕਟਰ ਸਪੋਰਟਸ ਤੇ ਮੁਖੀ, ਕੰਟ੍ਰੈਕਟ ਬੇਸਿਜ਼ (ਮੁੜ-ਨਿਯੁਕਤ) ਦੀ ਬਿਨ੍ਹਾਂ ਤਨਖਾਹ ਛੁੱਟੀ ਸਬੰਧੀ।**

13. ਵਿਚਾਰ ਉਪਰੰਤ

**ਪਾਸ ਹੋਇਆ** ਕਿ ਡਾ. ਐਚ.ਐਸ. ਰੰਧਾਵਾ, ਡਿਪਟੀ ਡਾਇਰੈਕਟਰ ਸਪੋਰਟਸ ਤੇ ਮੁਖੀ, ਕੰਟ੍ਰੈਕਟ ਬੇਸਿਜ਼ (ਮੁੜ-ਨਿਯੁਕਤ) ਨੂੰ ਵਿਆਹ ਦਾ ਫੰਕਸ਼ਨ ਅਟੈਂਡ ਕਰਨ ਲਈ ਮਿਤੀ 26.12.2016 ਤੋਂ 15.1.2017 (21 ਦਿਨ) ਤੱਕ ਵਿਦੇਸ਼ (ਯੂ.ਐਸ.ਏ.) ਜਾਣ ਲਈ ਬਿਨ੍ਹਾਂ ਤਨਖਾਹ ਛੁੱਟੀ ਪ੍ਰਵਾਨ ਕੀਤੀ ਜਾਂਦੀ ਹੈ।

**ਡਾ. ਹਰਪ੍ਰੀਤ ਕੌਰ, ਮੈਡੀਕਲ ਅਫਸਰ, ਸਿਹਤ ਕੇਂਦਰ ਦੀ ਕਮਾਈ ਛੁੱਟੀ ਦੀ ਪੁਸ਼ਟੀ।**

14. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਹਰਪ੍ਰੀਤ ਕੌਰ, ਮੈਡੀਕਲ ਅਫਸਰ, ਸਿਹਤ ਕੇਂਦਰ ਦੀ ਫੈਮਿਲੀ ਟ੍ਰਿਪ 'ਤੇ ਵਿਦੇਸ਼ (Hong Kong) ਵਿਖੇ ਜਾਣ ਲਈ ਮਿਤੀ 23.11.2016 ਤੋਂ 28.11.2016 (06 ਦਿਨ) ਤੱਕ ਕਮਾਈ ਛੁੱਟੀ ਪ੍ਰਵਾਨ ਕੀਤੀ ਹੈ।

**ਸ਼੍ਰੀ ਦਵਿੰਦਰ ਪਾਠਕ, ਐਡਵੋਕੇਟ, ਲੀਗਲ ਐਡਵਾਈਜ਼ਰ (ਆਰ.ਟੀ.ਆਈ. ਸੈਲ), ਦੀ ਨਿਯੁਕਤੀ ਦੀ ਮਿਆਦ ਵਿਚ ਵਾਧੇ ਦੀ ਪੁਸ਼ਟੀ।**

15. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸ਼੍ਰੀ ਦਵਿੰਦਰ ਪਾਠਕ, ਐਡਵੋਕੇਟ, ਲੀਗਲ ਐਡਵਾਈਜ਼ਰ (ਆਰ.ਟੀ.ਆਈ. ਸੈਲ), ਜਿਨ੍ਹਾਂ ਦੀ ਨਿਯੁਕਤੀ ਦੀ ਮਿਆਦ ਮਿਤੀ 30.11.2016 ਨੂੰ ਖਤਮ ਹੋ ਗਈ ਹੈ, ਦੀ ਨਿਯੁਕਤੀ ਦੀ ਮਿਆਦ ਵਿਚ ਮਿਤੀ 1.12.2016 ਤੋਂ ਮਿਤੀ 31.5.2017 ਤੱਕ ਛੇ ਮਹੀਨੇ ਲਈ 12,000/- ਰੁਪਏ ਪ੍ਰਤੀ ਮਹੀਨਾ ਬੱਝਵੀਂ ਤਨਖਾਹ 'ਤੇ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਦੇ ਆਧਾਰ 'ਤੇ ਵਾਧਾ ਕੀਤਾ ਹੈ।

**ਸ਼੍ਰੀ ਦੀਦਾਰ ਸਿੰਘ, ਸੀਨੀਅਰ ਸਹਾਇਕ, ਦਫਤਰ: ਡੀਨ ਵਿਦਿਆਰਥੀ ਭਲਾਈ ਦੀ ਮੁੜ-ਨਿਯੁਕਤੀ ਦੀ ਪੁਸ਼ਟੀ।**

16. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸ਼੍ਰੀ ਦੀਦਾਰ ਸਿੰਘ, ਸੀਨੀਅਰ ਸਹਾਇਕ, ਦਫਤਰ: ਡੀਨ ਵਿਦਿਆਰਥੀ ਭਲਾਈ, ਜੋ ਕਿ ਮਿਤੀ 31.10.2016 ਨੂੰ ਯੂਨੀਵਰਸਿਟੀ ਤੋਂ ਸੇਵਾ-ਮੁਕਤ ਹੋ ਗਏ ਹਨ, ਨੂੰ ਡਿਊਟੀ 'ਤੇ ਹਾਜ਼ਰ ਹੋਣ ਦੀ ਮਿਤੀ ਤੋਂ ਛੇ ਮਹੀਨੇ ਲਈ ਕੰਟ੍ਰੈਕਟ ਆਧਾਰ 'ਤੇ ਯੂਨੀਵਰਸਿਟੀ ਨਿਯਮਾਂ ਅਨੁਸਾਰ ਬਣਦੀ ਤਨਖਾਹ 'ਤੇ ਮੁੜ-ਨਿਯੁਕਤ ਕੀਤਾ ਹੈ।

**ਸਬੰਧਤ ਕਰਮਚਾਰੀਆਂ ਦੀ ਮੁੜ-ਨਿਯੁਕਤੀ ਦੀ ਮਿਆਦ ਵਿਚ ਵਾਧਾ।**

17. ਵਿਚਾਰ ਉਪਰੰਤ

**ਪਾਸ ਹੋਇਆ** ਕਿ-

(ੳ) ਸ਼੍ਰੀ ਸਕੱਤਰ ਸਿੰਘ, ਸੀਨੀਅਰ ਸਕੇਲ ਸਟੈਨੋਗ੍ਰਾਫਰ, ਲੀਗਲ ਸੈਲ (ਮੁੜ-ਨਿਯੁਕਤ), ਜਿਨ੍ਹਾਂ ਦੀ ਮੁੜ-ਨਿਯੁਕਤੀ ਦੀ ਮਿਆਦ ਮਿਤੀ 31.12.2016 ਨੂੰ ਖਤਮ ਹੋ ਰਹੀ ਹੈ, ਦੀ ਮੁੜ-ਨਿਯੁਕਤੀ ਦੀ ਮਿਆਦ ਵਿਚ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਦੇ ਆਧਾਰ 'ਤੇ ਡਿਊਟੀ 'ਤੇ ਹਾਜ਼ਰ ਹੋਣ ਦੀ ਮਿਤੀ ਤੋਂ ਛੇ ਮਹੀਨੇ ਲਈ ਵਾਧਾ ਕੀਤਾ ਜਾਂਦਾ ਹੈ।

(ਅ) ਸ਼੍ਰੀ ਰਣਜੀਤ ਸਿੰਘ, ਵਾਚ ਐਂਡ ਵਾਰਡ ਸੁਪਰਵਾਈਜ਼ਰ, ਸੁਰੱਖਿਆ ਵਿਭਾਗ (ਮੁੜ-ਨਿਯੁਕਤ), ਜਿਨ੍ਹਾਂ ਦੀ ਮੁੜ-ਨਿਯੁਕਤੀ ਦੀ ਮਿਆਦ ਮਿਤੀ 16.12.2016 ਨੂੰ ਖਤਮ ਹੋ ਰਹੀ ਹੈ, ਦੀ ਮੁੜ-ਨਿਯੁਕਤੀ ਦੀ ਮਿਆਦ ਵਿਚ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਦੇ ਆਧਾਰ ‘ਤੇ ਮਿਤੀ 19.12.2016 ਤੋਂ ਛੇ ਮਹੀਨੇ ਲਈ ਜਾਂ ਅਸਾਮੀ ਰੈਗੂਲਰ ਤੌਰ ‘ਤੇ ਭਰੇ ਜਾਣ ਤੱਕ, ਜੋ ਵੀ ਪਹਿਲਾਂ ਹੋਵੇ ਵਾਧਾ ਕੀਤਾ ਜਾਂਦਾ ਹੈ।

**ਸਬੰਧਤ ਵਿਭਾਗਾਂ ਦਾ ਨਕਾਰਾ ਅਤੇ ਨਾ-ਮੁਰੰਮਤਯੋਗ ਸਮਾਨ ਵੱਟੇ-ਖਾਤੇ ਪਾਉਣ ਦੀ ਪ੍ਰਵਾਨਗੀ।**

18. ਵਿਚਾਰ ਉਪਰੰਤ

**ਪਾਸ ਹੋਇਆ** ਕਿ ਹੇਠ ਲਿਖੇ ਵਿਭਾਗਾਂ ਵਿਖੇ ਵੱਖ-ਵੱਖ ਕੀਮਤ ਦਾ ਸਮਾਨ, ਜੋ ਲੰਮੇ ਸਮੇਂ ਦੀ ਵਰਤੋਂ ਉਪਰੰਤ ਨਕਾਰਾ ਅਤੇ ਨਾ-ਮੁਰੰਮਤਯੋਗ ਹੋ ਚੁੱਕਾ ਹੈ, ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 131 ਉਤੇ ਸਟੈਚਿਊਟ 26(b)(5) ਅਧੀਨ ਵੱਟੇ-ਖਾਤੇ ਪਾਉਣ ਲਈ ਉਪ-ਕੁਲਪਤੀ ਸਾਹਿਬ ਵੱਲੋਂ ਗਠਿਤ ਕਮੇਟੀਆਂ ਦੀਆਂ ਇਕੱਤਰਤਾਵਾਂ ਦੀਆਂ ਸਿਫਾਰਸ਼ਾਂ (**ਅੰਤਿਕਾ** ਅਨੁਸਾਰ) ਪ੍ਰਵਾਨ ਕੀਤੀਆਂ ਜਾਂਦੀਆਂ ਹਨ:-

| **ਕ੍ਰਮ ਨੰ:** | **ਵਿਭਾਗ ਦਾ ਨਾਮ** | **ਕਮੇਟੀ ਦੀ ਇੱਕਤਰਤਾ ਦੀ ਮਿਤੀ** | **ਨਕਾਰਾ ਅਤੇ ਨਾ-ਮੁਰੰਮਤਯੋਗ ਸਮਾਨ ਦੀ ਕੀਮਤ (ਰੁ:)** |
|---|---|---|---|
| 1. | ਬੋਟਾਨੀਕਲ ਤੇ ਇਨਵਾਇਰਨਮੈਂਟਲ ਸਾਇੰਸਜ਼ ਵਿਭਾਗ | 12.10.2016 | 7,92,835/- |
| 2. | ਗੁਰੂ ਰਾਮਦਾਸ ਸਕੂਲ ਆਫ ਪਲਾਨਿੰਗ | 22.9.2016 | 8,70,326-12 |
| 3. | ਭਾਈ ਗੁਰਦਾਸ ਲਾਇਬ੍ਰੇਰੀ | 4.10.2016 | 13,69,709-99 |

**ਯੂਨੀਵਰਸਿਟੀ ਕੈਲੰਡਰ ਵਿਚ** All India Services Pre-Examinations Training Centre for SC/ST **ਦੇ ਨਾਮ ਦੀ ਸੋਧ ਕਰਨ ਦੀ ਪ੍ਰਵਾਨਗੀ।**

19. ਵਿਚਾਰ ਉਪਰੰਤ

**ਪਾਸ ਹੋਇਆ** ਕਿ ਡਾਇਰੈਕਟਰ, All India Services Pre-Examinations Training Centre for SC/ST and Centre of Preparation for Competitive Examinations ਦੀ ਸਿਫਾਰਸ਼ ਨੂੰ ਮੁੱਖ ਰੱਖਦਿਆਂ ਯੂਨੀਵਰਸਿਟੀ ਕੈਲੰਡਰ-2007, ਜਿਲਦ ਚੌਥੀ ਦੇ ਪੰਨਾ ਨੰ: 84 ਉੱਤੇ ਦਰਜ “All India Services Pre-Examinations Training Centre for SC/ST” ਦੇ ਨਾਮ ਦੀ ਸੋਧ ਹੇਠ ਲਿਖੇ ਅਨੁਸਾਰ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ:-

“All India Services Pre-Examinations Training Centre for SC/ST

and

Centre of Preparation for Competitive Examinations”

**ਸੈਸ਼ਨ 2016-17 ਦੌਰਾਨ ਸਬੰਧਤ ਵਿਦਿਆਰਥੀਆਂ ਨੂੰ 25000/- ਰੁਪਏ ਲੇਟ ਫੀਸ ਨਾਲ ਦਾਖਲੇ ਦੀ ਪੁਸ਼ਟੀ।**

20. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸੈਸ਼ਨ 2016-17 ਦੌਰਾਨ ਹੇਠਾਂ ਦਰਸਾਏ ਵਿਦਿਆਰਥੀਆਂ ਨੂੰ, ਉਨ੍ਹਾਂ ਦੇ ਨਾਮ ਸਾਹਮਣੇ ਦਰਸਾਏ ਵੇਰਵੇ ਅਨੁਸਾਰ, 25,000/- ਰੁਪਏ ਲੇਟ ਫੀਸ ਨਾਲ ਦਾਖਲੇ ਦੀ ਆਗਿਆ ਦਿੱਤੀ ਹੈ:-

| **ਕ੍ਰਮ ਨੰ:** | **ਨਾਮ** | **ਕਲਾਸ** |
|---|---|---|
| 1. | Dhruv Shangari | B.Tech. (CE) Sem-3rd |
| 2. | Sukhjeevan Kaur | B.Tech. (CSE) Sem-3rd |
| 3. | Vipanpreet Singh | MCA (FYIC) Sem-9th |
| 4. | Rakshit Datta | B.Tech. (URP) Sem-7th |

**ਸੈਸ਼ਨ 2016-17 ਦੌਰਾਨ ਸਬੰਧਤ ਵਿਦਿਆਰਥੀਆਂ ਨੂੰ 5000/- ਰੁਪਏ ਲੇਟ ਫੀਸ ਨਾਲ ਦਾਖਲੇ ਦੀ ਪੁਸ਼ਟੀ।**

21. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸੈਸ਼ਨ 2016-17 ਦੌਰਾਨ ਹੇਠਾਂ ਦਰਸਾਏ ਵਿਦਿਆਰਥੀਆਂ ਨੂੰ, ਉਨ੍ਹਾਂ ਦੇ ਨਾਮ ਸਾਹਮਣੇ ਦਰਸਾਏ ਵੇਰਵੇ ਅਨੁਸਾਰ 5,000/- ਰੁਪਏ ਲੇਟ ਫੀਸ ਨਾਲ ਦਾਖਲੇ ਦੀ ਆਗਿਆ ਦਿੱਤੀ ਹੈ:-

| **ਕ੍ਰਮ ਨੰ:** | **ਨਾਮ** | **ਕਲਾਸ** |
|---|---|---|
| 1. | Anish Sharma | MCA(FYIC) Sem-7th |
| 2. | Manik Gupta | - do - |
| 3. | Manisha Prashar | - do - |
| 4. | Lovepreet Singh | - do - |
| 5. | Kanwar Shehbaz Singh Heir | MCA (FYIC) Sem-9th |
| 6. | Amritpreet Kaur | MCA(FYIC) Sem-11th |

Advance PG Diploma in Commercial Arts **ਦੇ ਅਧਿਆਦੇਸ਼** Delete **ਕਰਨ ਦੀ ਪ੍ਰਵਾਨਗੀ।**

22. ਅਕਾਦਮਿਕ ਕੌਂਸਲ ਦੀ ਇੱਕਤਰਤਾ ਮਿਤੀ 29.1.2016 ਦੇ ਪੈਰਾ 'Z' ਰਾਹੀਂ ਮਿਲੇ ਅਧਿਕਾਰਾਂ ਅਧੀਨ ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਮੁਖੀ, ਸੰਗੀਤ ਵਿਭਾਗ ਅਤੇ ਡੀਨ, ਫੈਕਲਟੀ ਆਫ ਵਿਜ਼ੂਅਲ ਆਰਟਸ ਐਂਡ ਪਰਫਾਰਮਿੰਗ ਆਰਟਸ ਦੀ ਸਿਫਾਰਸ਼ ਨੂੰ ਮੁੱਖ ਰੱਖਦਿਆਂ ਯੂਨੀਵਰਸਿਟੀ ਕੈਲੰਡਰ 2008, ਜਿਲਦ ਤੀਜੀ ਦੇ ਪੰਨਾ ਨੰ: 197 'ਤੇ ਮੌਜੂਦ Advance PG Diploma in Commercial Arts ਦੇ ਅਧਿਆਦੇਸ਼ਾਂ ਨੂੰ Delete ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

**ਸਬੰਧਤ ਕਰਮਚਾਰੀਆਂ ਦੀ ਮੁੜ-ਨਿਯੁਕਤੀ ਦੀ ਮਿਆਦ ਵਿਚ ਵਾਧੇ ਦੀ ਪੁਸ਼ਟੀ।**

23. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ UPE ਸਕੀਮ ਅਧੀਨ ਹੇਠ ਲਿਖੇ ਟੈਕਨੀਕਲ ਅਸਿਸਟੈਂਟਾਂ ਦੀ ਮਿਆਦ, ਜੋ ਕਿ ਮਿਤੀ

30.11.2016 ਨੂੰ ਖਤਮ ਹੋ ਗਈ ਹੈ, ਦੀ ਨਿਯੁਕਤੀ ਦੀ ਮਿਆਦ ਵਿਚ ਕੰਮ ਕਾਜ ਵਾਲੇ ਇੱਕ ਦਿਨ ਦੀ ਬ੍ਰੇਕ ਦੇਂਦੂ ਹੋਏ, ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਦੇ ਅਧਾਰ 'ਤੇ ਡਿਊਟੀ 'ਤੇ ਹਾਜ਼ਰ ਹੋਣ ਦੀ ਮਿਤੀ ਤੋਂ 31.3.2017 ਤੱਕ ਵਾਧਾ ਕੀਤਾ ਹੈ:-

| **ਕ੍ਰਮ ਨੰ:** | **ਨਾਮ** |
|---|---|
| 1. | ਰਵਿੰਦਰ ਸਿੰਘ |
| 2. | ਹਰਦੀਪ ਸਿੰਘ |
| 3. | ਨਵਪ੍ਰੀਤ ਸਿੰਘ |
| 4. | ਰਵਨੀਤ ਸਿੰਘ |
| 5. | ਅਮਨ ਕੁਮਾਰ |
| 6. | ਸੰਦੀਪ ਸ਼ਰਮਾ |
| 7. | ਸੁਖਦੀਪ ਸਿੰਘ |

**ਸਬੰਧਤ ਕੋਚਾਂ (ਕੰਟ੍ਰੈਕਟ ਬੇਸਿਜ਼) ਦੀ ਨਿਯੁਕਤੀ ਦੀ ਮਿਆਦ ਵਿਚ ਵਾਧੇ ਦੀ ਪੁਸ਼ਟੀ।**

24. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਹੇਠ ਲਿਖੇ ਕੋਚਾਂ ਦੀ ਕੰਟ੍ਰੈਕਟ ਨਿਯੁਕਤੀ ਦੀ ਮਿਆਦ, ਜੋ ਕਿ ਮਿਤੀ 7.10.2016 ਨੂੰ ਖਤਮ ਹੋ ਗਈ ਹੈ, ਵਿਚ ਮਿਤੀ 8-9.10.2016 (ਸ਼ਨੀਵਾਰ ਅਤੇ ਐਤਵਾਰ), ਮਿਤੀ 10.10.2016 ਨੂੰ (working day) ਅਤੇ ਮਿਤੀ 11.10.2016 ਨੂੰ ਗਜ਼ਟਡ ਛੁੱਟੀ ਹੋਣ ਕਰਕੇ 4 ਦਿਨਾਂ ਦੀ ਬ੍ਰੇਕ ਦੇ ਕੇ ਮਿਤੀ 12.10.2016 ਤੋਂ 3 ਮਹੀਨੇ ਲਈ ਜਾਂ ਅਸਾਮੀ ਰੈਗੂਲਰ ਤੌਰ 'ਤੇ ਭਰੇ ਜਾਣ ਤੱਕ, ਜੋ ਵੀ ਪਹਿਲਾਂ ਹੋਵੇ, ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਦੇ ਆਧਾਰ 'ਤੇ ਵਾਧਾ ਕੀਤਾ ਹੈ:-

1. ਸ੍ਰੀ ਬਲਰਾਜ ਸਿੰਘ, ਆਰਚਰੀ ਕੋਚ
2. ਮਿਸ. ਸ਼ੰਮੀਪ੍ਰੀਤ ਕੌਰ, ਫੈਨਸਿੰਗ ਕੋਚ

**ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਵੇਰਕਾ ਦੇ ਸਬੰਧਤ ਅਸਿਸਟੈਂਟ ਪ੍ਰੋਫੈਸਰਾਂ ਨੂੰ ਚਾਰਜਸ਼ੀਟ ਜਾਰੀ ਕਰਨ ਸਬੰਧੀ।**

25. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਇੱਕਤਰਤਾ ਮਿਤੀ 20.9.2016 ਦੇ ਪੈਰਾ ਨੰ: 67 ਰਾਹੀਂ ਹੋਏ ਆਦੇਸ਼ਾਂ ਅਨੁਸਾਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਵੇਰਕਾ ਦੇ ਸਬੰਧਤ ਅਸਿਸਟੈਂਟ ਪ੍ਰੋਫੈਸਰਾਂ ਨੂੰ ਡਾ. ਰਜਿੰਦਰਜੀਤ ਕੌਰ ਪਵਾਰ ਵੱਲੋਂ ਕੀਤੀ ਪ੍ਰੀਲਿਮੀਨਰੀ ਇਨਕੁਆਰੀ ਦੀ ਰਿਪੋਰਟ ਮਿਤੀ 15.6.2016 ਅਨੁਸਾਰ ਚਾਰਜਸ਼ੀਟ ਜਾਰੀ ਕਰਨ ਅਤੇ ਇਸ ਕੇਸ ਵਿਚ ਅਗਲੀ ਸਾਰੀ ਕਾਰਵਾਈ ਕਰਨ ਦੇ ਸਮੁੱਚੇ ਅਧਿਕਾਰ ਉਪ-ਕੁਲਪਤੀ ਜੀ ਨੂੰ ਦਿੱਤੇ ਜਾਂਦੇ ਹਨ।

**ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਫਿਲੌਰ ਦੇ ਪ੍ਰਿੰਸੀਪਲ ਦਾ ਅਡੀਸਨਲ ਚਾਰਜ਼ ਦੇਣ ਦੀ ਪੁਸ਼ਟੀ।**

26. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ-

1. ਡਾ. ਵੀ.ਕੇ. ਤਿਵਾੜੀ, ਓ.ਐਸ.ਡੀ., ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਫਿਲੌਰ ਦੇ ਅਚਾਨਕ ਅਕਾਲ ਚਲਾਣਾ ਕਰਨ ਕਰਕੇ ਉਕਤ ਕਾਲਜ ਨੂੰ ਸੂਚਾਰੂ ਢੰਗ ਨਾਲ ਚਲਾਉਣ ਲਈ ਉਕਤ ਕਾਲਜ ਦਾ ਅਡੀਸ਼ਨਲ ਚਾਰਜ਼ ਡਾ. ਇਕਬਾਲ ਸਿੰਘ, ਪ੍ਰਿੰਸੀਪਲ, ਅਮਰਦੀਪ ਸਿੰਘ ਸ਼ੇਰਗਿੱਲ ਮੈਮੋਰੀਅਲ ਕਾਲਜ, ਮੁਕੰਦਪੁਰ ਨੂੰ

ਦਿੱਤਾ ਹੈ।

2. ਡਾ. ਇਕਬਾਲ ਸਿੰਘ, ਪ੍ਰਿੰਸੀਪਲ, ਅਮਰਦੀਪ ਸਿੰਘ ਸ਼ੇਰਗਿੱਲ ਮੈਮੋਰੀਅਲ ਕਾਲਜ, ਮੁਕੰਦਪੁਰ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਫਿਲੌਰ ਦਾ ਅਡੀਸ਼ਨਲ ਚਾਰਜ ਸੌਂਪਣ 'ਤੇ ਉਨ੍ਹਾਂ ਨੂੰ 1500/- ਰੁਪਏ ਪ੍ਰਤੀ ਦਿਨ, ਪ੍ਰੰਤੂ ਹਫਤੇ ਵਿੱਚ ਵੱਧ ਤੋਂ ਵੱਧ ਤਿੰਨ ਦਿਨਾਂ ਲਈ ਮਾਣ-ਭੱਤੇ (including T.A./D.A. etc.) ਵਜੋਂ ਦੇਣ ਦੀ ਪ੍ਰਵਾਨਗੀ ਦਿੱਤੀ ਹੈ।

**ਸ਼੍ਰੀ ਅਮਰਜੀਤ ਸਿੰਘ ਸਿੱਧੂ, ਨਿਗਰਾਨ (ਸੇਵਾ-ਮੁਕਤ) ਦੀ** Common Regular Enquiry **ਦੀ ਰਿਪੋਰਟ।**

27. After deliberations:

**1. RESOVED** to accept the findings in respect Sh. Amarjit Singh Sidhu, Superintendent (Retd.), given in the common enquiry report dated 8-10-2016 (Appendix) of Sh. Lakhbir Singh, District & Sessions Judge (Retd.), of the laborious common regular enquiry held by him against Sh. Amarjit Singh Sidhu, Sh. Amarjit Singh Chugh, Sh. Daljit Singh and Sh. Rajinder Singh Ghai, into the separate charge sheets respectively issued to them pursuant to the previous syndicate decision vide **para 100** of its meeting dated 16-6-2016 involving a common disciplinary issue of non-attachment of salary of Sh. Amarjit Singh Sidhu, Superintendent (now retired), arising out of a cheque bounce case against the said Sh. Amarjit Singh Sidhu, as detailed therein.

2. Further **RESOLVED** that a full copy of the said common regular enquiry report dated 8-10-2016 (Appendix), alongwith copies of its common proceedings and of statements of all witnesses recorded therein, be sent to Sh. Amarjit Singh Sidhu, Superintendent (Retd.), and he be asked to submit to the Vice-Chancellor his reply to the said common report of the regular enquiry concerning him into the separate charge sheet issued to him vide Memo No. 119/VC dated 19.2.2015, within 15 days of its receipt, and his reply so received be put up to the Syndicate for further action.

**ਸ਼੍ਰੀ ਅਮਰਜੀਤ ਸਿੰਘ ਚੁੱਘ, ਸਹਾਇਕ ਰਜਿਸਟਰਾਰ (ਸੇਵਾ-ਮੁਕਤ) ਦੀ** Common Regular Enquiry **ਦੀ ਰਿਪੋਰਟ।**

28. After deliberations:

**1.** **RESOVED** to accept the findings in respect Sh. Amarjit Singh Chugh, Assistant Registrar (Retd.) , given in the common enquiry report dated 8-10-2016 (Appendix) of Sh. Lakhbir Singh, District & Sessions Judge (Retd.), of the laborious common regular enquiry held by him against Sh. Amarjit Singh Sidhu, Sh. Amarjit Singh Chugh, Sh. Daljit Singh and Sh. Rajinder Singh Ghai, into the separate charge sheets respectively issued to them pursuant to the previous syndicate decision vide **para 101** of its meeting dated 16-6-2016 involving a common disciplinary issue of non-attachment of salary of Sh. Amarjit Singh Sidhu, Superintendent (now retired), arising out of a cheque bounce case against the said Sh. Amarjit Singh Sidhu, as detailed therein.

2.Further **RESOLVED** that a full copy of the said common regular enquiry report dated 8-10-2016 (Appendix), alongwith copies of its common proceedings and of statements of all witnesses recorded

therein, be sent to Sh. Amarjit Singh Chugh, Assistant Registrar (Retd.), and he be asked to submit to the Vice Chancellor his reply to the said common report of the regular enquiry concerning him into the separate charge sheet issued to him vide Memo No. 115/VC dated 18.2.2015, within 15 days of its receipt, and his reply so received be put up to the Syndicate for further action.

**ਸ਼੍ਰੀ ਦਲਜੀਤ ਸਿੰਘ, ਸਹਾਇਕ ਰਜਿਸਟਰਾਰ (ਹੁਣ ਸੇਵਾ-ਮੁਕਤ) ਦੀ** Common Regular Enquiry **ਦੀ ਰਿਪੋਰਟ।**

29. After deliberations:

1. **RESOVED** to accept the findings in respect Sh. Daljit Singh, Assistant Registrar (Retd.), given in the common enquiry report dated 8-10-2016 (Appendix) of Sh. Lakhbir Singh, District & Sessions Judge (Retd.), of the laborious common regular enquiry held by him against Sh. Amarjit Singh Sidhu, Sh. Amarjit Singh Chugh, Sh. Daljit Singh and Sh. Rajinder Singh Ghai, into the separate charge sheets respectively issued to them pursuant to the previous syndicate decision vide **para 102** of its meeting dated 16-6-2016 involving a common disciplinary issue of non-attachment of salary of Sh. Amarjit Singh Sidhu, Superintendent (now retired), arising out of a cheque bounce case against the said Sh. Amarjit Singh Sidhu, as detailed therein.

2.Further **RESOLVED** that a full copy of the said common regular enquiry report dated 8-10-2016 (Appendix), alongwith copies of its common proceedings and of statements of all witnesses recorded therein, be sent to Sh. Daljit Singh, Assistant Registrar (Retd.), and he be asked to submit to the Vice Chancellor his reply to the said common report of the regular enquiry concerning him into the separate charge sheet issued to him vide Memo No. 116/VC dated 18.2.2015, within 15 days of its receipt, and his reply so received be put up to the Syndicate for further action.

**ਸ਼੍ਰੀ ਰਜਿੰਦਰ ਸਿੰਘ ਘਈ, ਸੀਨੀਅਰ ਸਹਾਇਕ ਦੀ** Common Regular Enquiry **ਦੀ ਰਿਪੋਰਟ।**

30. After deliberations:

1. **RESOVED** to accept the findings in respect Sh. Rajinder Singh Ghai, Sr. Assistant, given in the common enquiry report dated 8-10-2016 (Appendix ) of Sh. Lakhbir Singh, District & Sessions Judge (Retd.), of the laborious common regular enquiry held by him against Sh. Amarjit Singh Sidhu, Sh. Amarjit Singh Chugh, Sh. Daljit Singh and Sh. Rajinder Singh Ghai, into the separate charge sheets respectively issued to them pursuant to the previous syndicate decision vide para **103** of its meeting dated 16-6-2016 involving a common disciplinary issue of non-attachment of salary of Sh. Amarjit Singh Sidhu, Superintendent (now retired ), arising out of a cheque bounce case against the said Sh. Amarjit Singh Sidhu, as detailed therein.

2.Further **RESOLVED** that a full copy of the said common regular enquiry report dated 8-10-2016 (Appendix), alongwith copies of its common proceedings and of statements of all witnesses recorded therein, be sent to Sh. Rajinder Singh Ghai, Sr. Assistant, and he be asked to submit

to the Vice Chancellor his reply to the said common report of the regular enquiry concerning him into the separate charge sheet issued to him vide Memo No. 114/VC dated 18.2.2015, within 15 days of its receipt, and his reply so received be put up to the Syndicate for further action.

**ਡਾ. ਭਵਨੀਤਾ ਢਿੱਲੋਂ, ਅਸਿਸਟੈਂਟ ਪ੍ਰੋਫੈਸਰ, ਫੂਡ ਸਾਇੰਸ ਤੇ ਟੈਕਨਾਲੋਜੀ ਵਿਭਾਗ ਦੇ ਅਸਤੀਫੇ ਸਬੰਧੀ।**

31. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ-

(ੳ) ਡਾ. ਭਵਨੀਤਾ ਢਿੱਲੋਂ, ਅਸਿਸਟੈਂਟ ਪ੍ਰੋਫੈਸਰ, ਫੂਡ ਸਾਇੰਸ ਤੇ ਟੈਕਨਾਲੋਜੀ ਵਿਭਾਗ ਦਾ ਮਿਤੀ 1.9.2016 (ਦੁਪਹਿਰ ਤੋਂ ਪਹਿਲਾਂ) ਤੋਂ ਅਸਤੀਫਾ ਪ੍ਰਵਾਨ ਕੀਤਾ ਹੈ।

(ਅ) ਡਾ. ਭਵਨੀਤਾ ਢਿੱਲੋਂ ਦੀ ਬੇਨਤੀ ਨੂੰ ਮੁੱਖ ਰੱਖਦਿਆਂ, ਉਕਤ (ੳ) ਅਧੀਨ ਪ੍ਰਵਾਨਤ ਅਸਤੀਫੇ ਨੂੰ ਰੱਦ ਕਰਦਿਆਂ ਮਿਤੀ 7.9.2016 (ਦੁਪਹਿਰ ਤੋਂ ਪਹਿਲਾਂ) ਤੋਂ ਡਿਊਟੀ 'ਤੇ ਹਾਜਰ ਹੋਣ ਦੀ ਆਗਿਆ ਦਿੱਤੀ ਹੈ।

(ੲ) ਡਾ. ਭਵਨੀਤਾ ਢਿੱਲੋਂ ਦੀ ਬੇਨਤੀ ਨੂੰ ਮੁੱਖ ਰੱਖਦਿਆਂ ਮਿਤੀ 1.9.2016 ਤੋਂ 6.9.2016 ਤੱਕ, ਉਨ੍ਹਾਂ ਦੀ ਕਮਾਈ ਛੁੱਟੀ ਪ੍ਰਵਾਨ ਕੀਤੀ ਹੈ।

**ਡਾ. ਕੁਲਦੀਪ ਕੌਰ, ਪ੍ਰੋਫੈਸਰ, ਪੰਜਾਬ ਸਕੂਲ ਆਫ ਇਕਨਾਮਿਕਸ ਨੂੰ U.S.A. ਜਾਣ ਲਈ ਕਮਾਈ ਛੁੱਟੀ ਸਬੰਧੀ।**

32. ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕਰਨ 'ਤੇ ਵਿਚਾਰ ਹੋਈ ਜਿਸ ਰਾਹੀਂ ਉਨ੍ਹਾਂ ਨੇ ਡਾ. ਕੁਲਦੀਪ ਕੌਰ, ਪ੍ਰੋਫੈਸਰ, ਪੰਜਾਬ ਸਕੂਲ ਆਫ ਇਕਨਾਮਿਕਸ ਦੀ U.S.A. ਜਾਣ ਲਈ ਮਿਤੀ 12.12.2016 ਤੋਂ 16.12.2016 ਤੱਕ ਕੁੱਲ 5 ਦਿਨਾਂ ਦੀ ਕਮਾਈ ਛੁੱਟੀ ਸਮੇਤ ਪਿਛੇਤਰੀ ਛੁੱਟੀ ਮਿਤੀ 17-18.12.2016 (ਸ਼ਨੀਵਾਰ ਅਤੇ ਐਤਵਾਰ) ਅਤੇ ਮਿਤੀ 19.12.2016 ਤੋਂ 25.12.2016 (ਸਰਦੀਆਂ ਦੀਆਂ ਛੁੱਟੀਆਂ) ਪ੍ਰਵਾਨ ਕੀਤੀ ਹੈ।

**ਪਾਸ ਹੋਇਆ** ਕਿ ਡਾ. ਕੁਲਦੀਪ ਕੌਰ, ਪ੍ਰੋਫੈਸਰ, ਪੰਜਾਬ ਸਕੂਲ ਆਫ ਇਕਨਾਮਿਕਸ ਦੀ U.S.A. ਜਾਣ ਲਈ ਮਿਤੀ 12.12.2016 ਤੋਂ 23.12.2016 ਤੱਕ ਕਮਾਈ ਛੁੱਟੀ (ਸਮੇਤ ਪਿਛੇਤਰੀ ਛੁੱਟੀ ਮਿਤੀ 24-25.12.2016 (ਸ਼ਨੀਵਾਰ ਅਤੇ ਐਤਵਾਰ) ਪ੍ਰਵਾਨ ਕੀਤੀ ਜਾਂਦੀ ਹੈ।

**ਨਵੰਬਰ/ਦਸੰਬਰ 2016 ਦੀਆਂ ਪ੍ਰੀਖਿਆਵਾਂ ਅਤੇ ਉਨ੍ਹਾਂ ਦੇ ਮੁਲਾਂਕਣ ਸਮੇਂ ਸਿਰ ਕਰਵਾਉਣ ਲਈ ਸਮੂਹ ਕਾਲਜਾਂ ਦੇ ਪ੍ਰਿੰਸੀਪਲ ਸਾਹਿਬਾਨ ਦੀ ਇੱਕਤਰਤਾ ਦੀਆਂ ਸਿਫਾਰਸ਼ਾਂ ਸਬੰਧੀ।**

33. ਨਵੰਬਰ/ਦਸੰਬਰ 2016 ਦੀਆਂ ਪ੍ਰੀਖਿਆਵਾਂ ਅਤੇ ਉਨ੍ਹਾਂ ਦੇ ਮੁਲਾਂਕਣ ਸਮੇਂ ਸਿਰ ਕਰਵਾਉਣ ਲਈ ਸਮੂਹ ਕਾਲਜਾਂ ਦੇ ਪ੍ਰਿੰਸੀਪਲ ਸਾਹਿਬਾਨ ਦੀ ਇੱਕਤਰਤਾ ਮਿਤੀ 16.11.2016 ਦੀਆਂ ਹੇਠ ਲਿਖੀਆਂ ਸਿਫਾਰਸ਼ਾਂ 'ਤੇ ਵਿਚਾਰ ਹੋਈ:-

1. ਹਰੇਕ ਅਧਿਆਪਕ ਘੱਟ ਤੋਂ ਘੱਟ 250 ਉੱਤਰ-ਪੱਤਰੀਆਂ ਦਾ ਮੁਲਾਂਕਣ ਜਰੂਰ ਕਰੇਗਾ।
2. ਮੁੜ-ਮੁਲਾਂਕਣ ਦੇ ਨੰਬਰਾਂ ਵਿਚ 30% ਤੋਂ ਵੱਧ variation ਨਹੀਂ ਹੋਣੀ ਚਾਹੀਦੀ। ਜੇਕਰ ਨਤੀਜੇ ਵਿਚ 30% ਤੋਂ ਵੱਧ variation ਹੁੰਦੀ ਹੈ ਤਾਂ ਸਬੰਧਤ ਅਧਿਆਪਕ ਨੂੰ ਯੂਨੀਵਰਸਿਟੀ ਦੇ ਪ੍ਰੀਖਿਆਵਾਂ ਨਾਲ ਸਬੰਧਤ ਕੰਮਾਂ ਤੋਂ debar ਕੀਤਾ ਜਾਵੇਗਾ ਅਤੇ ਯੂਨੀਵਰਸਿਟੀ ਵੱਲੋਂ ਉਸਦੀ approval ਵਾਪਸ ਲੈ ਲਈ ਜਾਵੇਗੀ।

**ਪਾਸ ਹੋਇਆ** ਕਿ ਨਵੰਬਰ/ਦਸੰਬਰ 2016 ਦੀਆਂ ਪ੍ਰੀਖਿਆਵਾਂ ਤੋਂ-

1. ਹਰੇਕ ਅਧਿਆਪਕ ਘੱਟ ਤੋਂ ਘੱਟ 250 ਉੱਤਰ-ਪੱਤਰੀਆਂ ਦਾ ਮੁਲਾਂਕਣ

ਜਰੂਰ ਕਰੇਗਾ। ਜਿਹੜਾ ਅਧਿਆਪਕ **250 ਤੋਂ ਘੱਟ** ਉੱਤਰ-ਪੱਤਰੀਆਂ ਦਾ ਮੁਲਾਂਕਣ ਕਰੇਗਾ, ਉਸ ਅਧਿਆਪਕ ਨੂੰ ਯੂਨੀਵਰਸਿਟੀ ਦੀਆਂ ਪ੍ਰੀਖਿਆਵਾਂ ਨਾਲ ਸਬੰਧਤ ਕੰਮਾਂ ਤੋਂ **debar** ਕੀਤਾ ਜਾਵੇਗਾ ਜਾਂ ਯੂਨੀਵਰਸਿਟੀ ਵੱਲੋਂ ਉਸਦੀ **approval ਵਾਪਸ** ਲੈ ਲਈ ਜਾਵੇਗੀ।

2. ਮੁੜ-ਮੁਲਾਂਕਣ ਦੇ ਨੰਬਰਾਂ ਅਤੇ ਪਹਿਲਾਂ ਪ੍ਰਾਪਤ ਨੰਬਰਾਂ ਵਿਚ 30% ਤੋਂ ਵੱਧ variation ਨਹੀਂ ਹੋਣੀ ਚਾਹੀਦੀ। ਜੇਕਰ ਨਤੀਜੇ ਵਿਚ **30% ਤੋਂ ਵੱਧ variation** ਹੁੰਦੀ ਹੈ ਤਾਂ ਸਬੰਧਤ ਅਧਿਆਪਕ ਨੂੰ ਯੂਨੀਵਰਸਿਟੀ ਦੀਆਂ ਪ੍ਰੀਖਿਆਵਾਂ ਨਾਲ ਸਬੰਧਤ ਕੰਮਾਂ ਤੋਂ **debar** ਕੀਤਾ ਜਾਵੇਗਾ ਜਾਂ ਯੂਨੀਵਰਸਿਟੀ ਵੱਲੋਂ ਉਸਦੀ **approval ਵਾਪਸ** ਲੈ ਲਈ ਜਾਵੇਗੀ।

**ਨਾਰਥ ਜ਼ੋਨ/ ਆਲ ਇੰਡੀਆ ਇੰਟਰ-ਯੂਨੀਵਰਸਿਟੀ ਚੈਂਪੀਅਨਸ਼ਿਪ/ ਨੈਸ਼ਨਲ ਚੈਂਪੀਅਨਸ਼ਿਪ ਖੇਡਾਂ ਵਿਚ ਰੁੱਝੇ ਹੋਣ ਕਾਰਨ ਸਬੰਧਤ ਵਿਦਿਆਰਥੀਆਂ ਦੀ ਪ੍ਰੀਖਿਆ ਖੇਡਾਂ ਦੀ ਸਮਾਪਤੀ ਤੋਂ ਬਾਅਦ ਕਰਵਾਉਣ ਦੀ ਪ੍ਰਵਾਨਗੀ।**

34. ਵਿਚਾਰ ਉਪਰੰਤ

**ਪਾਸ ਹੋਇਆ** ਕਿ-

(ੳ) ਡਿਪਟੀ ਡਾਇਰੈਕਟਰ, ਸਪੋਰਟਸ ਤੇ ਮੁਖੀ ਦੀ ਸਿਫਾਰਸ਼ ਨੂੰ ਮੁੱਖ ਰੱਖਦਿਆਂ **ਅੰਤਿਕਾ** ਵਿਚ ਦਰਸਾਏ ਵਿਦਿਆਰਥੀ, ਜੋ ਨਵੰਬਰ/ ਦਸੰਬਰ 2016 ਦੀਆਂ ਸਮੈਸਟਰ ਪ੍ਰੀਖਿਆਵਾਂ ਦੌਰਾਨ ਨਾਰਥ ਜ਼ੋਨ/ ਆਲ ਇੰਡੀਆ ਇੰਟਰ-ਯੂਨੀਵਰਸਿਟੀ ਚੈਂਪੀਅਨਸ਼ਿਪ/ ਨੈਸ਼ਨਲ ਚੈਂਪੀਅਨਸ਼ਿਪ ਖੇਡਾਂ ਵਿਚ ਰੁੱਝੇ ਹੋਣ ਕਾਰਣ ਇਨ੍ਹਾਂ ਮਿਤੀਆਂ ਦੌਰਾਨ ਆਪਣੇ ਵਿਸ਼ੇ ਦੀ ਪ੍ਰੀਖਿਆ ਨਹੀਂ ਦੇ ਸਕਦੇ, ਦੇ ਅਕਾਦਮਿਕ ਭਵਿੱਖ ਨੂੰ ਮੁੱਖ ਰੱਖਦਿਆਂ, ਉਨ੍ਹਾਂ ਦੇ ਵਿਸ਼ੇ ਦੀ ਪ੍ਰੀਖਿਆ ਖੇਡਾਂ ਦੀ ਸਮਾਪਤੀ ਤੋਂ ਬਾਅਦ ਕਰਵਾਉਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

(ਅ) ਪ੍ਰੀਖਿਆਵਾਂ ਦੇ ਸੰਪੰਨ ਹੋਣ ਤੱਕ, ਜਿਨ੍ਹਾਂ ਖਿਡਾਰੀਆਂ ਦੀ ਹੋਰ ਵੀ ਕੋਈ ਪ੍ਰੀਖਿਆ ਖੁੰਝੇਗੀ, ਕਾਲਜ ਦੇ ਪ੍ਰਿੰਸੀਪਲ ਅਤੇ ਡਿਪਟੀ ਡਾਇਰੈਕਟਰ, ਸਪੋਰਟਸ ਤੇ ਮੁਖੀ ਦੀ ਸਿਫਾਰਸ਼ ਨੂੰ ਮੁੱਖ ਰੱਖਦਿਆਂ, ਉਹ ਪ੍ਰੀਖਿਆਵਾਂ ਵੀ ਖੇਡਾਂ ਦੀ ਸਮਾਪਤੀ ਤੋਂ ਬਾਅਦ ਕਰਾਉਣ ਲਈ ਪ੍ਰਵਾਨਗੀ ਦੇਣ ਦੇ ਅਧਿਕਾਰ ਉਪ-ਕੁਲਪਤੀ ਜੀ ਨੂੰ ਦਿੱਤੇ ਜਾਂਦੇ ਹਨ।

**ਸੀ ਕਲਾਸ ਮੁਲਾਜਮਾਂ ਨੂੰ 33% ਕੋਟੇ ਅਧੀਨ ਬਕਾਇਦਾ ਲਿਖਤੀ ਅਤੇ ਪ੍ਰੈਕਟੀਕਲ ਟੈਸਟ ਲੈਣ ਉਪਰੰਤ ਕਲਰਕ ਪਦ-ਉਨੱਤ ਕਰਨ ਦੀ ਪ੍ਰਵਾਨਗੀ।**

35. ਵਿਚਾਰ ਉਪਰੰਤ

**ਪਾਸ ਹੋਇਆ** ਕਿ ਯੂਨੀਵਰਸਿਟੀ ਵਿਖੇ ਮਿਤੀ 15.12.2006 ਤੋਂ ਪਹਿਲਾਂ ਦੇ ਕੰਮ ਕਰ ਰਹੇ ਪੱਕੇ 'ਸੀ' ਕਲਾਸ ਮੁਲਾਜਮ ਅਤੇ ਮਿਤੀ 15.12.2006 ਤੋਂ ਬਾਅਦ ਬਕਾਇਦਾ ਇਸ਼ਤਿਹਾਰਤ ਅਸਾਮੀਆਂ ਵਿਰੁੱਧ ਅਤੇ ਤਰਸ ਦੇ ਆਧਾਰ 'ਤੇ ਭਰਤੀ ਕੀਤੇ ਗਏ ਅਤੇ ਪੱਕੇ 'ਸੀ' ਕਲਾਸ ਕਰਮਚਾਰੀ, ਜੋ ਕਲਰਕ-ਕਮ-ਜੂਨੀਅਰ ਡਾਟਾ ਐਂਟਰੀ ਓਪਰੇਟਰ ਦੀ ਅਸਾਮੀ ਲਈ ਲੋੜੀਂਦੀਆਂ ਸੇਵਾ ਸ਼ਰਤਾਂ ਪੂਰੀਆਂ ਕਰਦੇ ਹਨ, ਨੂੰ 33% ਕੋਟੇ ਅਧੀਨ ਬਕਾਇਦਾ ਲਿਖਤੀ ਅਤੇ ਪ੍ਰੈਕਟੀਕਲ ਟੈਸਟ ਲੈਣ ਉਪਰੰਤ ਕਲਰਕ ਪਦ-ਉਨੱਤ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

**ਸਬੰਧਤ ਉਮੀਦਵਾਰਾਂ ਨੂੰ ਪੀਐਚ.ਡੀ. ਡਿਗਰੀ ਪਰਦਾਨ ਕਰਨ ਦੀ ਪ੍ਰਵਾਨਗੀ।**

36. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ **ਅੰਤਿਕਾ** ਵਿਚ ਦਰਸਾਏ ਉਮੀਦਵਾਰਾਂ ਨੂੰ, ਉਨ੍ਹਾਂ ਦੇ ਨਾਮ ਸਾਹਮਣੇ ਦਰਸਾਏ ਥੀਸਿਸ ਦੇ ਸਿਰਲੇਖ, ਵਿਸ਼ਾ ਤੇ ਫ਼ੈਕਲਟੀ ਅਨੁਸਾਰ, ਡਾਕਟਰ ਆਫ਼ ਫਿਲਾਸਫੀ ਦੀ ਡਿਗਰੀ ਪਰਦਾਨ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

**ਉਪ-ਕੁਲਪਤੀ ਸਾਹਿਬ ਦਾ ਬਿਆਨ।**

37. ਯੂਨੀਵਰਸਿਟੀ ਵਿਖੇ ਚੱਲ ਰਹੀਆਂ ਵੱਖ-ਵੱਖ ਗਤੀਵਿਧੀਆਂ ਬਾਰੇ ਉਪ-ਕੁਲਪਤੀ ਸਾਹਿਬ ਨੇ ਦੱਸਿਆ ਕਿ:-

1. 18 ਅਕਤੂਬਰ ਨੂੰ ਯੂਨੀਵਰਸਿਟੀ ਵਲੋਂ ਯੂਨੀਵਰਸਿਟੀ ਬਿਜਨੈਸ ਸਕੂਲ ਦੀ ਇਮਾਰਤ ਦਾ ਉਦਘਾਟਨ ਕੀਤਾ ਗਿਆ। ਇਸ ‘ਤੇ ਕੁਲ 7.00 ਕਰੋੜ ਰੁਪਏ ਦੀ ਲਾਗਤ ਆਈ ਹੈ।

2. 18 ਅਕਤੂਬਰ ਨੂੰ ਯੂਨੀਵਰਸਿਟੀ ਵਿਖੇ 100 ਲੜਕੀਆਂ ਦੀ ਰਿਹਾਇਸ਼ ਲਈ ਅਤੇ 144 ਲੜਕਿਆਂ ਦੀ ਰਿਹਾਇਸ਼ ਲਈ ਨਵੇਂ ਬਣੇ ਸਪੋਰਟਸ ਹੋਸਟਲਾਂ ਦਾ ਉਦਘਾਟਨ ਕੀਤਾ ਗਿਆ ਜਿਨ੍ਹਾਂ ‘ਤੇ ਕ੍ਰਮਵਾਰ 2.48 ਕਰੋੜ ਰੁਪਏ ਅਤੇ 3.16 ਕਰੋੜ ਰੁਪਏ ਲਾਗਤ ਆਈ ਹੈ।

3. 29 ਨਵੰਬਰ ਨੂੰ ਯੂਨੀਵਰਸਿਟੀ ਕੈਂਪਸ ਵਿੱਚ ਲੜਕੀਆਂ ਦੇ ਹੋਸਟਲ ਦੇ ਨਾਲ ਫੂਡ ਕੋਰਟ ਅਤੇ ਇੱਕ ਕਾਮਨ ਫੂਡ ਕੋਰਟ ਦਾ ਉਦਘਾਟਨ ਕੀਤਾ ਗਿਆ ਜਿਨ੍ਹਾਂ 'ਤੇ ਕ੍ਰਮਵਾਰ 2.45 ਕਰੋੜ ਰੁਪਏ ਅਤੇ 3.30 ਕਰੋੜ ਰੁਪਏ ਦੀ ਲਾਗਤ ਆਵੇਗੀ। ਇਨ੍ਹਾਂ ਦੋ ਮੰਜ਼ਿਲਾ ਫੂਡ ਕੋਰਟਾਂ ਵਿੱਚ 500 ਦੇ ਕਰੀਬ ਵਿਦਿਆਰਥੀ/ ਵਿਦਿਆਰਥਣਾਂ ਇੱਕੋ ਸਮੇਂ ਖਾਣਾ ਖਾ ਸਕਣਗੇ। ਇਸ ਤੋਂ ਇਲਾਵਾ ਯੂਨੀਵਰਸਿਟੀ ਹੈਲਥ ਸੈਂਟਰ ਵਿੱਚ ਫੇਜ਼ ਦੂਜਾ ਐਕਸਟੈਂਸ਼ਨ ਤਹਿਤ ਆਧੁਨਿਕ ਸਹੂਲਤਾਂ ਨਾਲ ਲੈਸ ਪੁਰਸ਼ਾਂ ਅਤੇ ਇਸਤਰੀਆਂ ਲਈ ਵਾਰਡ ਦਾ ਉਦਘਾਟਨ ਕੀਤਾ ਗਿਆ ।

4. 24 ਨਵੰਬਰ ਨੂੰ ਯੂਨੀਵਰਸਿਟੀ ਦਾ 47ਵਾਂ ਸਥਾਪਨਾ ਦਿਵਸ ਬੜੀ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ 'ਤੇ ਐਸੋਸੀਏਸ਼ਨ ਆਫ ਇੰਡੀਅਨ ਯੂਨੀਵਰਸਿਟੀਜ਼ ਦੇ ਸਕੱਤਰ-ਜਨਰਲ, ਪ੍ਰੋਫੈਸਰ ਫੁਰਕਾਨ ਕਮਰ, ਸੈਂਟਰਲ ਯੂਨੀਵਰਸਿਟੀ ਆਫ ਪੰਜਾਬ ਦੇ ਚਾਂਸਲਰ, ਪ੍ਰੋਫੈਸਰ ਐਸ.ਐਸ. ਜੌਹਲ ਅਤੇ ਅਕਾਲ ਤਖਤ ਦੇ ਸਾਬਕਾ ਜੱਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਨੇ ਵਿਦਿਅਕ ਲੈਕਚਰ ਦਿੱਤੇ। ਇਸ ਤੋਂ ਇਲਾਵਾ ਵਿਦਿਆਰਥੀਆਂ ਵਲੋਂ ਚਿੱਤਰ ਪ੍ਰਦਰਸ਼ਨੀ ਵੀ ਲਗਾਈ ਗਈ।

5. ਪੰਜਾਬ ਸਰਕਾਰ ਦੇ ਯਤਨਾਂ ਸਦਕਾ, ਮਿਤੀ 1 ਨਵੰਬਰ ਤੋਂ 2 ਨਵੰਬਰ ਤੱਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਕੇਂਦਰ ਵਲੋਂ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ **'ਸ਼੍ਰੀ ਗੁਰੂ ਗੋਬਿੰਦ ਸਿੰਘ:ਜੀਵਨ ਅਤੇ ਉਦੇਸ਼'** ਵਿਸ਼ੇ 'ਤੇ ਦੋ ਰੋਜ਼ਾ ਰਾਸ਼ਟਰੀ ਸੈਮੀਨਾਰ ਕਰਵਾਇਆ ਗਿਆ। ਉਦਘਾਟਨੀ ਸੈਸ਼ਨ ਦੇ ਮੌਕੇ 'ਤੇ ਡਾ. ਦਲਜੀਤ ਸਿੰਘ ਚੀਮਾ, ਮਾਨਯੋਗ ਸਿੱਖਿਆ ਮੰਤਰੀ ਪੰਜਾਬ, ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਪ੍ਰੋਫੈਸਰ ਬਲਕਾਰ ਸਿੰਘ ਨੇ ਮੁੱਖ ਭਾਸ਼ਣ ਦਿੱਤਾ। ਸੈਮੀਨਾਰ ਦੀ ਪ੍ਰਧਾਨਗੀ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਉਪ-ਕੁਲਪਤੀ ਪ੍ਰੋਫੈਸਰ ਜਸਪਾਲ ਸਿੰਘ ਨੇ ਕੀਤੀ। ਇਸ ਦੋ ਰੋਜ਼ਾ ਸੈਮੀਨਾਰ ਵਿੱਚ ਪੰਜਾਬ, ਚੰਡੀਗੜ੍ਹ, ਦਿੱਲੀ ਅਤੇ ਕੈਨੇਡਾ ਦੇ ਤਕਰੀਬਨ 40 ਵਿਦਵਾਨਾਂ ਨੇ ਵੱਖ-ਵੱਖ ਵਿਸ਼ਿਆਂ ‘ਤੇ ਪਰਚੇ ਪੜ੍ਹੇ।

6. 4 ਨਵੰਬਰ ਤੋਂ 6 ਨਵੰਬਰ ਤੱਕ ਯੂਨੀਵਰਸਿਟੀ ਵਿਖੇ **20th Annual Conference of Indian Political Economy Association** ਦਾ ਆਯੋਜਨ ਕੀਤਾ ਗਿਆ। ਉਦਘਾਟਨੀ ਸਮਾਰੋਹ ਦੇ ਮੌਕੇ 'ਤੇ ਸੈਂਟਰ ਫਾਰ ਇਕਨਾਮਿਕਸ ਸਟੱਡੀਜ਼ ਐਂਡ ਪਲਾਨਿੰਗ, ਜਵਾਹਰ ਲਾਲ ਨਹਿਰੂ

ਯੂਨੀਵਰਸਿਟੀ ਨਵੀਂ ਦਿੱਲੀ ਦੇ ਪ੍ਰੋਫੈਸਰ ਸੀ.ਪੀ. ਚੰਦਰਸ਼ੇਖਰ ਨੇ ਕੁੰਜੀਵਤ ਭਾਸ਼ਣ ਦਿੱਤਾ ਅਤੇ ਸਮਾਪਤੀ ਸਮਾਰੋਹ ਦੇ ਮੌਕੇ 'ਤੇ ਜੀ.ਬੀ. ਪੰਤ ਸੋਸ਼ਲ ਸਾਇੰਸ ਇੰਸਟੀਚਿਊਟ, ਅਲਾਹਾਬਾਦ ਦੇ ਪ੍ਰੋਫੈਸਰ ਪ੍ਰਦੀਪ ਭਾਰਗਵਾ ਨੇ ਕੁੰਜੀਵਤ ਭਾਸ਼ਣ ਦਿੱਤਾ। ਇਸ ਕਾਨਫਰੰਸ ਵਿੱਚ ਦੇਸ਼ ਭਰ ਤੋਂ 150 ਦੇ ਕਰੀਬ ਅਰਥ ਸ਼ਾਸਤਰੀਆਂ ਨੇ ਹਿੱਸਾ ਲਿਆ ਅਤੇ ਚੀਨ ਤੋਂ 8 ਮੈਂਬਰਾਂ ਦੇ ਵਫਦ ਨੇ ਹਿੱਸਾ ਲਿਆ ਅਤੇ ਆਪਣੇ ਵਿਚਾਰ ਪੇਸ਼ ਕੀਤੇ ।

7. 15 ਅਕਤੂਬਰ ਨੂੰ ਪੰਜਾਬ ਸਕੂਲ ਆਫ ਇਕਨਾਮਿਕਸ ਦੀ ਹਰਮਨਦੀਪ ਕੌਰ, ਜੋ ਕਿ ਪ੍ਰੋਫੈਸਰ ਪਰਮਜੀਤ ਨੰਦਾ ਦੀ ਪੀਐਚ.ਡੀ. ਦੀ ਵਿਦਿਆਰਥਣ ਹੈ, ਨੂੰ ਬੰਗਲੌਰ ਵਿਖੇ ਹੋਈ 38th National Unity Conference on Individual Achievements and National Development ਦੇ ਮੌਕੇ 'ਤੇ Global Economic Progress and Research Asssociation (GEPRA) ਵਲੋਂ **ਭਾਰਤ ਰਤਨ ਡਾ. ਅਬਦੁਲ ਕਲਾਮ ਗੋਲਡ ਮੈਡਲ ਐਵਾਰਡ** ਨਾਲ ਸਨਮਾਨਿਤ ਕੀਤਾ ਗਿਆ ਇਸ ਸਨਮਾਨ ਵਿੱਚ ਗੋਲਡ ਮੈਡਲ ਤੋਂ ਇਲਾਵਾ ਇੱਕ ਸਰਟੀਫਿਕੇਟ ਅਤੇ ਟਰਾਫੀ ਸ਼ਾਮਿਲ ਹੈ ।

8. 10 ਨਵੰਬਰ ਤੋਂ 12 ਨਵੰਬਰ ਤੱਕ ਯੂਨੀਵਰਸਿਟੀ ਵਲੋਂ ਐਸੋਸੀਏਸ਼ਨ ਆਫ ਫੂਡ ਸਾਇੰਟਿਸਟ ਐਂਡ ਟੈਕਨਾਲੋਜਿਸਟ (ਇੰਡੀਆ) ਮੈਸੂਰ ਦੇ ਸਹਿਯੋਗ ਨਾਲ 25th Indian Convention of Food Scientists and Technologists ਕਰਵਾਈ ਗਈ, ਜਿਸ ਦਾ ਉਦਘਾਟਨ Council of Scientific and Industrial Research ਦੇ ਡਾਇਰੈਕਟਰ ਜਨਰਲ ਡਾ. ਗਿਰੀਸ਼ ਸਾਹਨੀ ਨੇ ਕੀਤਾ ਅਤੇ ਸਮਾਪਤੀ ਸਮਾਰੋਹ ਦੀ ਪ੍ਰਧਾਨਗੀ ਸੈਂਟਰਲ ਯੂਨੀਵਰਸਿਟੀ ਆਫ ਪੰਜਾਬ, ਬਠਿੰਡਾ ਦੇ ਉਪ ਕੁਲਪਤੀ, ਪ੍ਰੋਫੈਸਰ ਆਰ.ਕੇ. ਕੋਹਲੀ ਨੇ ਕੀਤੀ। ਇਸ ਕਨਵੈਨਸ਼ਨ ਵਿੱਚ ਦੇਸ਼ ਦੀਆਂ ਵੱਖ-ਵੱਖ ਯੂਨੀਵਰਸਿਟੀਆਂ ਅਤੇ ਖੋਜ ਅਦਾਰਿਆਂ ਤੋਂ ਵੱਡੀ ਗਿਣਤੀ ਵਿੱਚ ਫੂਡ ਸਾਇੰਸਦਾਨਾਂ ਨੇ ਭਾਗ ਲਿਆ।

9. 10 ਨਵੰਬਰ ਨੂੰ ਯੂਨੀਵਰਸਿਟੀ ਵੱਲੋਂ ਅਧਿਆਪਕ ਵਿਦਿਆਰਥੀਆਂ ਦੇ ਆਪਸੀ ਤਾਲਮੇਲ ਸਬੰਧੀ ਪੋਰਟਲ ਲਾਂਚ ਕੀਤਾ ਗਿਆ, ਜਿਸ ਤਹਿਤ ਵਿਦਿਆਰਥੀ ਵੱਖ-ਵੱਖ ਕੋਰਸਾਂ ਦੇ ਨਾਲ ਨਾਲ ਕੋਰਸਾਂ ਨੂੰ ਪੜ੍ਹਾਉਣ ਵਾਲੇ ਅਧਿਆਪਕਾਂ ਦੇ ਸਬੰਧ ਵਿੱਚ ਆਪਣੇ ਵਿਚਾਰ ਆਨਲਾਈਨ ਪੇਸ਼ ਕਰ ਸਕਣਗੇ। ਇਸ ਤਰ੍ਹਾਂ ਇਹ ਯੂਨੀਵਰਸਿਟੀ ਉੱਤਰ ਭਾਰਤ ਵਿੱਚ ਅਜਿਹਾ ਪੋਰਟਲ ਲਾਂਚ ਕਰਨ ਵਾਲੀ ਪਹਿਲੀ ਯੂਨੀਵਰਸਿਟੀ ਬਣ ਗਈ ਹੈ ।

10. 22 ਨਵੰਬਰ ਤੋਂ 23 ਨਵੰਬਰ ਤੱਕ ਗੁਰੂ ਨਾਨਕ ਅਧਿਐਨ ਵਿਭਾਗ ਵੱਲੋਂ **ਗੁਰੂ ਨਾਨਕ ਬਾਣੀ: ਵਿਵਹਾਰਿਕ ਨੈਤਿਕਤਾ ਦਾ ਮੂਲ ਸਰੋਤ** ਵਿਸ਼ੇ 'ਤੇ 31ਵਾਂ ਸਾਲਾਨਾ ਸੈਮੀਨਾਰ ਕਰਵਾਇਆ ਗਿਆ, ਜਿਸ ਵਿੱਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਰਿਲੀਜ਼ੀਅਸ ਸਟੱਡੀਜ਼ ਵਿਭਾਗ ਦੇ ਪ੍ਰੋਫੈਸਰ ਰਜਿੰਦਰ ਕੌਰ ਰੋਹੀ ਨੇ ਕੁੰਜੀਵਤ ਭਾਸ਼ਣ ਦਿੱਤਾ ਅਤੇ ਦਿੱਲੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਪ੍ਰੋਫੈਸਰ ਜਗੀਰ ਸਿੰਘ ਨੇ ਪ੍ਰਧਾਨਗੀ ਭਾਸ਼ਣ ਦਿੱਤਾ।

11. ਕੈਮਿਸਟਰੀ ਵਿਭਾਗ ਵੱਲੋਂ ਭਾਰਤ ਸਰਕਾਰ ਦੇ ਮਨੁੱਖੀ ਸਰੋਤ ਤੇ ਵਿਕਾਸ ਮੰਤਰਾਲੇ ਦੇ ਸਹਿਯੋਗ ਨਾਲ Global Initiative of Academic Network (GIAN) ਪ੍ਰੋਗ੍ਰਾਮ ਅਧੀਨ 12 ਦਸੰਬਰ ਤੋਂ ਦੋ ਵਿਸ਼ੇਸ਼ ਕੋਰਸ

ਸ਼ੁਰੂ ਕੀਤੇ ਗਏ ਹਨ ਜੋ ਕਿ 21 ਦਸੰਬਰ ਤੱਕ ਚਲਣਗੇ। ਇਸ ਵਿੱਚ ਦੇਸ਼ ਦੇ ਪ੍ਰਸਿੱਧ ਸਾਇੰਸਦਾਨਾਂ ਤੋਂ ਇਲਾਵਾ ਅੰਤਰਰਾਸ਼ਟਰੀ ਪ੍ਰਸਿੱਧੀ ਦੇ ਸਾਇੰਸਦਾਨ RWTH Aachen, Germany ਦੇ Prof. Bernhard Bluemich ਅਤੇ California University, USA ਦੇ Prof. Jeffrey A. Reimer ਲੈਕਚਰ ਦੇਣਗੇ ।

12. ਆਲ ਇੰਡੀਆ ਸਰਵਿਸਿਜ਼ ਪ੍ਰੀ-ਐਗਜ਼ਾਮੀਨੇਸ਼ਨਜ਼ ਟ੍ਰੇਨਿੰਗ ਸੈਂਟਰ ਅਤੇ ਸੈਂਟਰ ਆਫ ਪ੍ਰੈਪਰੇਸ਼ਨ ਫਾਰ ਕੰਪੀਟੀਟਿਵ ਐਗਜ਼ਾਮੀਨੇਸ਼ਨਜ਼ ਦੇ ਯਤਨਾਂ ਸਦਕਾ 22 ਵਿਦਿਆਰਥੀ ਵੱਖ-ਵੱਖ ਸਰਕਾਰੀ/ ਗੈਰ-ਸਰਕਾਰੀ ਸੰਸਥਾਵਾਂ ਵਿੱਚ ਨੌਕਰੀਆਂ ਹਾਸਿਲ ਕਰਨ ਵਿੱਚ ਕਾਮਯਾਬ ਰਹੇ ਹਨ ਅਤੇ 12 ਵਿਦਿਆਰਥੀ ਨੌਕਰੀ ਲਈ ਮੁੱਢਲੀ ਪ੍ਰੀਖਿਆ ਦਾ ਟੈਸਟ ਪਾਸ ਕਰਨ ਵਿੱਚ ਸਫਲ ਰਹੇ ਹਨ। ਇਸ ਤੋਂ ਇਲਾਵਾ 5 ਵਿਦਿਆਰਥੀਆਂ ਨੇ JRF/UGC ਦੀ ਪ੍ਰੀਖਿਆ ਪਾਸ ਕੀਤੀ ਹੈ ਜਿਨ੍ਹਾਂ ਵਿਚੋਂ ਲਾਅ ਵਿਸ਼ੇ ਨਾਲ ਸਬੰਧਿਤ ਇੱਕ ਵਿਦਿਆਰਥਣ, ਹਰਸਿਮਰਦੀਪ ਕੌਰ ਨੇ ਰਾਸ਼ਟਰੀ ਪੱਧਰ 'ਤੇ ਪਹਿਲਾ ਸਥਾਨ ਹਾਸਿਲ ਕੀਤਾ ਹੈ।

13. ਪਲੇਸਮੈਂਟ ਵਿਭਾਗ ਦੇ ਯਤਨਾਂ ਸਦਕਾ Tata Consultancy Service, Capgemini, Nagarro, Infogain, Code Brew, Status Brew, John Deere ਅਤੇ Tech Mahindra ਆਦਿ ਕੰਪਨੀਆਂ ਵਲੋਂ ਯੂਨੀਵਰਸਿਟੀ ਦੇ ਵੱਖ-ਵੱਖ ਵਿਭਾਗਾਂ ਦੇ 81 ਵਿਦਿਆਰਥੀਆਂ ਨੂੰ ਨੌਕਰੀਆਂ ਲਈ ਚੁਣਿਆ ਗਿਆ ਹੈ। ਇਸ ਤਰ੍ਹਾਂ 19 ਸਤੰਬਰ ਤੋਂ ਲੈ ਕੇ ਹੁਣ ਤੱਕ ਬੈਚ 2017 ਦੇ ਕੁਲ 428 ਵਿਦਿਆਰਥੀਆਂ ਦੀ ਪਲੇਸਮੈਂਟ ਹੋ ਚੁੱਕੀ ਹੈ। ਇਸ ਤੋਂ ਇਲਾਵਾ ValeurHR Company ਵਲੋਂ MBA FYIC 3rd Semester ਦੇ ਵਿਦਿਆਰਥੀ ਮਹਿੰਦਰ ਪਾਲ ਸ਼ੋਰੀ ਦੀ 5 ਨਵੰਬਰ ਨੂੰ ਕੰਪਨੀ ਦੇ ਸਿੰਗਾਪੁਰ ਦਫਤਰ ਵਿਖੇ 2 ਹਫਤਿਆਂ ਦੀ ਟਰੇਨਿੰਗ ਲਈ ਚੋਣ ਕੀਤੀ ਗਈ, ਜਿਸ ਦਾ ਸਾਰਾ ਖਰਚਾ ਕੰਪਨੀ ਵਲੋਂ ਕੀਤਾ ਗਿਆ। 26 ਅਗਸਤ ਨੂੰ ਇਸ ਕੰਪਨੀ ਵਲੋਂ ਯੂਨੀਵਰਸਿਟੀ ਨਾਲ MoU ਵੀ ਕੀਤਾ ਗਿਆ, ਜਿਸ ਤਹਿਤ ਕੰਪਨੀ ਵਲੋਂ ਵਿਦਿਆਰਥੀਆਂ ਨੂੰ ਟਰੇਨਿੰਗ ਦਿੱਤੀ ਜਾਵੇਗੀ ।

14. **ਖੇਡ ਵਿਭਾਗ ਦੀਆਂ ਉਪਲੱਬਧੀਆਂ:**

- 15 ਅਕਤੂਬਰ ਤੋਂ 18 ਅਕਤੂਬਰ ਤੱਕ ਯੂਨੀਵਰਸਿਟੀ ਕੈਂਪਸ ਵਿਖੇ ਹੋਈ All India Inter-University Road Cycling (Men & Women) Championship-2016-17 ਵਿੱਚ ਯੂਨੀਵਰਸਿਟੀ ਦੀ ਮਰਦਾਂ ਦੀ ਟੀਮ ਓਵਰਆਲ ਚੈਂਪੀਅਨ ਰਹੀ ਅਤੇ ਉਸਨੇ 3 ਗੋਲਡ ਅਤੇ 1 ਸਿਲਵਰ ਮੈਡਲ ਜਿੱਤੇ। ਯੂਨੀਵਰਸਿਟੀ ਦੀ ਮਹਿਲਾ ਟੀਮ ਵੀ ਓਵਰਆਲ ਚੈਂਪੀਅਨ ਰਹੀ ਅਤੇ ਉਸਨੇ 3 ਗੋਲਡ ਅਤੇ 1 ਸਿਲਵਰ ਮੈਡਲ ਜਿੱਤੇ। ਇਸ ਚੈਂਪੀਅਨਸ਼ਿਪ ਵਿੱਚ ਦੇਸ਼ ਭਰ ਦੀਆਂ ਯੂਨੀਵਰਸਿਟੀਆਂ ਤੋਂ ਤਕਰੀਬਨ 250 ਖਿਡਾਰੀਆਂ ਨੇ ਹਿੱਸਾ ਲਿਆ।
- 3 ਨਵੰਬਰ ਤੋਂ 6 ਨਵੰਬਰ ਤੱਕ ਕੁਰੂਕਸ਼ੇਤਰ ਵਿਖੇ ਹੋਈ All India Inter-University Judo (Men and Women) Championship 2016-17 ਵਿੱਚ ਯੂਨੀਵਰਸਿਟੀ ਦੀ ਮਰਦਾਂ ਦੀ ਟੀਮ ਨੇ 1 ਗੋਲਡ, 3 ਸਿਲਵਰ ਅਤੇ 1 ਬ੍ਰਾਂਜ਼ ਮੈਡਲ ਅਤੇ ਮਹਿਲਾ ਟੀਮ ਨੇ 2 ਗੋਲਡ, 1 ਸਿਲਵਰ ਅਤੇ 2 ਬ੍ਰਾਂਜ਼ ਮੈਡਲ ਜਿੱਤੇ ।
- 8 ਨਵੰਬਰ ਤੋਂ 12 ਨਵੰਬਰ ਤੱਕ ਯੂਨੀਵਰਸਿਟੀ ਕੈਂਪਸ ਵਿਖੇ ਹੋਈ All

India Inter-University Shooting (Men & Women) Championship ਵਿੱਚ ਯੂਨੀਵਰਸਿਟੀ ਦੀ ਮਰਦਾਂ ਦੀ ਟੀਮ ਓਵਰਆਲ ਚੈਂਪੀਅਨ ਰਹੀ ਅਤੇ ਉਸਨੇ 4 ਗੋਲਡ, 1 ਸਿਲਵਰ ਅਤੇ 1 ਬ੍ਰਾਂਜ਼ ਮੈਡਲ ਜਿੱਤੇ। ਯੂਨੀਵਰਸਿਟੀ ਦੀ ਮਹਿਲਾ ਟੀਮ ਨੇ ਤੀਸਰਾ ਸਥਾਨ ਹਾਸਿਲ ਕੀਤਾ ਅਤੇ ਉਸਨੇ 2 ਸਿਲਵਰ ਅਤੇ 1 ਬ੍ਰਾਂਜ਼ ਮੈਡਲ ਜਿੱਤੇ। ਇਸ ਚੈਂਪੀਅਨਸ਼ਿਪ ਵਿੱਚ ਦੇਸ਼ ਭਰ ਦੀਆਂ ਯੂਨੀਵਰਸਿਟੀਆਂ ਤੋਂ ਤਕਰੀਬਨ 650 ਸ਼ੂਟਰਾਂ ਨੇ ਹਿੱਸਾ ਲਿਆ ।

- 16 ਨਵੰਬਰ ਤੋਂ 19 ਨਵੰਬਰ ਤੱਕ ਯੂਨੀਵਰਸਿਟੀ ਕੈਂਪਸ ਵਿਖੇ ਹੋਈ All India Inter-University Track Cycling (Men & Women) Championships 2016-17 ਵਿੱਚ ਯੂਨੀਵਰਸਿਟੀ ਦੀ ਮਰਦਾਂ ਦੀ ਟੀਮ ਓਵਰਆਲ ਚੈਂਪੀਅਨ ਰਹੀ ਅਤੇ ਉਸਨੇ 5 ਗੋਲਡ, 5 ਸਿਲਵਰ ਅਤੇ 1 ਬ੍ਰਾਂਜ਼ ਮੈਡਲ ਜਿੱਤੇ। ਯੂਨੀਵਰਸਿਟੀ ਦੀ ਮਹਿਲਾ ਟੀਮ ਵੀ ਓਵਰਆਲ ਚੈਂਪੀਅਨ ਰਹੀ ਅਤੇ ਉਸਨੇ 6 ਗੋਲਡ, 2 ਸਿਲਵਰ ਅਤੇ 1 ਬ੍ਰਾਂਜ਼ ਮੈਡਲ ਜਿੱਤੇ। ਇਸ ਚੈਂਪੀਅਨਸ਼ਿਪ ਵਿੱਚ ਦੇਸ਼ ਭਰ ਦੀਆਂ ਯੂਨੀਵਰਸਿਟੀਆਂ ਤੋਂ ਤਕਰੀਬਨ 250 ਖਿਡਾਰੀਆਂ ਨੇ ਹਿੱਸਾ ਲਿਆ ।

15. **ਯੁਵਕ ਭਲਾਈ ਵਿਭਾਗ ਦੀਆਂ ਗਤੀਵਿਧੀਆਂ:**

- 26 ਅਕਤੂਬਰ ਤੋਂ 27 ਅਕਤੂਬਰ ਤੱਕ ਪੰਜਾਬ ਸਰਕਾਰ ਵਲੋਂ ਪੰਜਾਬੀ ਸੂਬੇ ਦੀ 50ਵੀਂ ਵਰ੍ਹੇਗੰਢ ਦੇ ਮੌਕੇ 'ਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਗਿੱਧੇ ਅਤੇ ਭੰਗੜੇ ਦੇ ਜਿਲ੍ਹਾ ਪੱਧਰੀ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਯੂਨੀਵਰਸਿਟੀ ਦੀ ਗਿੱਧੇ ਦੀ ਟੀਮ ਨੇ ਤੀਸਰਾ ਸਥਾਨ ਹਾਸਿਲ ਕੀਤਾ ।
- 25 ਨਵੰਬਰ ਤੋਂ 26 ਨਵੰਬਰ ਤੱਕ ਐਸੋਸੀਏਸ਼ਨ ਆਫ ਇੰਡੀਅਨ ਯੂਨੀਵਰਸਿਟੀਜ਼ ਵੱਲੋਂ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ, ਫਗਵਾੜਾ ਵਿਖੇ ਅੰਤਰ-ਯੂਨੀਵਰਸਿਟੀ ਨੈਸ਼ਨਲ ਕਵਾਲੀ ਮੁਕਾਬਲਿਆਂ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਦੇਸ਼ ਦੀਆਂ 15 ਯੂਨੀਵਰਸਿਟੀਆਂ ਨੇ ਹਿੱਸਾ ਲਿਆ। ਇਨ੍ਹਾਂ ਮੁਕਾਬਲਿਆਂ ਵਿੱਚ ਯੂਨੀਵਰਸਿਟੀ ਦੀ ਟੀਮ ਨੇ ਓਵਰਆਲ ਰਨਰਜ਼-ਅਪ ਟਰਾਫੀ ਜਿੱਤੀ ਅਤੇ 15,000/- ਰੁਪਏ ਦਾ ਨਕਦ ਇਨਾਮ ਹਾਸਿਲ ਕੀਤਾ ।

**ਸਿੰਡੀਕੇਟ ਦੀ ਅਗਲੀ ਇੱਕਤਰਤਾ ਦੀ ਮਿਤੀ ਨਿਸ਼ਚਿਤ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਗਏ।**

38. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਅਗਲੀ ਇੱਕਤਰਤਾ ਦੀ ਮਿਤੀ ਨਿਸ਼ਚਿਤ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਜਾਂਦੇ ਹਨ।

**ਪੰਜਾਬ ਰਾਜ ਵਿਚ ਖੋਲ੍ਹੇ ਜਾਣ ਵਾਲੇ ਨਵੇਂ ਡਿਗਰੀ/ ਲਾਅ/ ਫਿਜੀਕਲ ਐਜੂਕੇਸ਼ਨ ਕਾਲਜਾਂ ਲਈ ਸਰਕਾਰ ਵੱਲੋਂ ਮਿਤੀ 1.10.2003 ਰਾਹੀਂ ਜਾਰੀ ਗਾਈਡਲਾਈਨਜ਼ ਵਿਚ**

39. ਵਿਚਾਰ ਉਪਰੰਤ

**ਪਾਸ ਹੋਇਆ** ਕਿ ਪੰਜਾਬ ਰਾਜ ਵਿਚ ਖੋਲ੍ਹੇ ਜਾਣ ਵਾਲੇ ਨਵੇਂ ਡਿਗਰੀ/ ਲਾਅ/ ਫਿਜੀਕਲ ਐਜੂਕੇਸ਼ਨ ਕਾਲਜਾਂ ਲਈ ਸਰਕਾਰ ਵੱਲੋਂ ਮਿਤੀ 1.10.2003 ਰਾਹੀਂ ਜਾਰੀ ਗਾਈਡਲਾਈਨਜ਼ ਵਿਚ ਸੋਧ ਕਰਨ ਲਈ ਵਿਸ਼ੇਸ਼ ਸਕੱਤਰ, ਉਚੇਰੀ ਸਿੱਖਿਆ ਵਿਭਾਗ, ਪੰਜਾਬ ਸਰਕਾਰ ਵੱਲੋਂ ਪ੍ਰਾਪਤ ਨੋਟੀਫਿਕੇਸ਼ਨ ਨੰ: 8/31/2016/4ਸਿ1/839266/5 ਮਿਤੀ 14.9.2016 (**ਅੰਤਿਕਾ** ਅਨੁਸਾਰ)

**ਸੋਧ ਕਰਨ ਲਈ ਨੋਟੀਫਿਕੇਸ਼ਨ ਅਡਾਪਟ ਕਰਨ ਦੀ ਪ੍ਰਵਾਨਗੀ।**

ਅਡਾਪਟ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

**ਸ਼੍ਰੀ ਸੰਦੀਪ ਸਿੰਘ ਵੜੈਚ, ਅਸਿਸਟੈਂਟ ਪ੍ਰੋਫੈਸਰ, ਕੰਪਿਊਟਰ ਸਾਇੰਸ ਵਿਭਾਗ ਨੂੰ ਵਿਦੇਸ਼ ਜਾਣ ਲਈ ਕਮਾਈ ਛੁੱਟੀ ਸਬੰਧੀ।**

40. ਵਿਚਾਰ ਉਪਰੰਤ

**ਪਾਸ ਹੋਇਆ** ਕਿ-

(ੳ) ਸ਼੍ਰੀ ਸੰਦੀਪ ਸਿੰਘ ਵੜੈਚ, ਅਸਿਸਟੈਂਟ ਪ੍ਰੋਫੈਸਰ, ਕੰਪਿਊਟਰ ਸਾਇੰਸ ਵਿਭਾਗ ਨੂੰ ਮਿਤੀ 19.12.2016 ਤੋਂ 6.1.2017 ਤੱਕ ਯੂ.ਐਸ.ਏ. ਜਾਣ ਲਈ ਮਿਤੀ 31.12.2016 ਤੋਂ 6.1.2017 ਤੱਕ ਕਮਾਈ ਛੁੱਟੀ (ਸਮੇਤ ਮਿਤੀ 19.12.2016 ਤੋਂ 30.12.2016 ਤੱਕ ਸਰਦੀਆਂ ਦੀਆਂ ਛੁੱਟੀਆਂ) ਪ੍ਰਵਾਨ ਕੀਤੀ ਜਾਂਦੀ ਹੈ।

(ਅ) ਸਿੰਡੀਕੇਟ ਦੀ ਇੱਕਤਰਤਾ ਮਿਤੀ 16.6.2016 ਦੇ ਪੈਰਾ ਨੰ: 23 ਰਾਹੀਂ ਸ਼੍ਰੀ ਸੰਦੀਪ ਸਿੰਘ ਵੜੈਚ ਦੀ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਮਿਤੀ 30.5.2016 ਤੋਂ 1.7.2016 ਤੱਕ ਯੂ.ਐਸ.ਏ. ਅਤੇ ਕੈਨੇਡਾ ਜਾਣ ਦੀ ਹੋਈ ਪ੍ਰਵਾਨਗੀ ਰੱਦ ਕੀਤੀ ਜਾਂਦੀ ਹੈ।

**ਸਬੰਧਤ ਅਧਿਆਪਕ ਦੀ ਵਿਦੇਸ਼ ਜਾਣ ਲਈ ਕਮਾਈ ਛੁੱਟੀ ਦੀ ਪੁਸ਼ਟੀ।**

41. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਹੇਠ ਲਿਖੇ ਅਧਿਆਪਕ ਦੀ, ਉਸ ਦੇ ਨਾਮ ਸਾਹਮਣੇ ਦਰਸਾਏ ਵੇਰਵੇ ਅਨੁਸਾਰ, ਵਿਦੇਸ਼ ਜਾਣ ਲਈ ਕਮਾਈ ਛੁੱਟੀ ਪ੍ਰਵਾਨ ਕੀਤੀ ਹੈ :-

| ਕ੍ਰਮ ਨੰ: | ਅਧਿਆਪਕ ਦਾ ਨਾਮ ਅਤੇ ਵਿਭਾਗ | ਵੇਰਵਾ | ਛੁੱਟੀ ਦੀ ਮਿਤੀ |
|---|---|---|---|
| 1. | Dr. Amardeep Kaur, Asstt. Prof., Deptt. of Business Mgt., GNDU, RC, Gurdaspur. | To Visit Malaysia and Singapore. | P.Leave from 12.12.2016 to 18.12.2016= 07 days. |

CWP No. 23365 of 2016 **ਦੇ ਕੇਸ ਵਿਚ ਸ਼੍ਰੀ ਸੰਜੀਵ ਸ਼ਰਮਾ, ਸੀਨੀਅਰ ਐਡਵੋਕੇਟ ਦੀ ਬਤੌਰ ਸੀਨੀਅਰ ਕੌਂਸਲ ਵਜੋਂ ਨਿਯੁਕਤੀ।**

42. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ CWP No.23365 of 2016= Prof. Lakhwinder Singh Vs. Chancellor of Guru Nanak Dev University and others [Prof. (Dr.) A.S. Brar, V.C., GNDU), being respondent No.3] ਦੇ ਕੇਸ ਵਿਚ ਸ਼੍ਰੀ ਸੰਜੀਵ ਸ਼ਰਮਾ, ਸੀਨੀਅਰ ਐਡਵੋਕੇਟ ਨੂੰ ਬਤੌਰ ਸੀਨੀਅਰ ਕੌਂਸਲ ਨਿਯੁਕਤ ਕੀਤਾ ਜਾਂਦਾ ਹੈ। ਇਸ ਕੇਸ ਵਿਚ ਸ਼੍ਰੀ ਸੰਜੀਵ ਸ਼ਰਮਾ ਦੇ ਨਾਲ ਸ਼੍ਰੀ ਅੰਮ੍ਰਿਤ ਪਾਲ, ਯੂਨੀਵਰਸਿਟੀ ਸਟੈਂਡਿੰਗ ਕੌਂਸਲ ਬਤੌਰ ਜੂਨੀਅਰ ਕੌਂਸਲ ਕੰਮ ਕਰਨਗੇ।

**ਸ਼੍ਰੀ ਪੁਨੀਤ ਗੁਪਤਾ, ਐਡਵੋਕੇਟ ਨੂੰ** L.P.A. No. 961 of 2016 **ਦੇ ਕੇਸ ਵਿਚ ਫੀਸ ਦੀ ਅਦਾਇਗੀ ਕਰਨ ਦੀ ਪ੍ਰਵਾਨਗੀ।**

43. ਵਿਚਾਰ ਉਪਰੰਤ

